ਮਾਸਿਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਮੈ ਹੋ ਪਰਮ ਪੁਰਖ ਕੋ ਦਾਸਾ
## ਦੇਖਨ ਆਯੋ ਜਗਤ ਤਮਾਸਾ

"ਗੁਰੂ ਗੋਬਿੰਦ ਸਿੰਘ ਜੀ"

JAN.98 . ਜਨਵਰੀ 98

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਲਾਹਾ ਨਾਮੁ ਸੰਸਾਰਿ ਅੰਮ੍ਰਿਤ ਪੀਜਈ ੧
੨. ਗੁਰਮੁਖਾਂ ਦਾ ਬਿਸਰਾਮ ਧਾਮ ੩
੩. ਚੋਜੀ ਮੇਰੋ ਗੋਬਿੰਦਾ ੪
੪. ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ੮
੫. ਚੜ੍ਹ ਜਾਵੇ ਸਿੱਖੀ ਦਾ ਸੂਰਜ (ਕਵਿਤਾ) ੧੨
੬. ਮਰਦ ਅਗੰਮੜਾ-ਅਦੁੱਤੀ ਜੋਧਾ ੧੩
੭. ਨਹੀ ਮੋ ਸੇ ਗਰੀਬ ਕਰੋਰ ਪਰੇ ੧੬
੮. ਧੰਨ ਗੁਰੂ ਗੋਬਿੰਦ ਸਿੰਘ ਜੀ (ਕਵਿਤਾ) ੧੯
੯. ਸਾਹਿਬੇ ਕਮਾਲ-ਗੁਰੂ ਗੋਬਿੰਦ ਸਿੰਘ ਜੀ ੨੦
੧੦. ਟੂਟੀ ਗਾਢਨਹਾਰ ਗੋਪਾਲ ੨੩
੧੧. ਕਥਾ ਅਜੀਤ ਜੁਝਾਰ ਦੀ (ਕਵਿਤਾ) ੨੬
੧੨. ਕੇਸਾਧਾਰੀ ਕੌਮ ਦੇ ਵਾਰਸੋ ੨੭
੧੩. ਗੁਰਮਤਿ ਅਧਿਆਤਮਕ ਕਰਮ ਫਿਲਾਸਫੀ ੨੯
੧੪. ਨਿਮਾਣੇ ਨੂੰ ਮਾਣ ਬਖਸ਼ ਦੇ (ਕਵਿਤਾ) ੩੮


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਪਾ: ੧੦ ਅਵਤਾਰ ਧਾਰਿਆ — ੫ ਜਨਵਰੀ
ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ — ੨੭ ਜਨਵਰੀ
ਮੇਲਾ ਮਾਘੀ ਮੁਕਤਸਰ — ੧੪ ਜਨਵਰੀ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
~~੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।~~
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ ਸੂਰਾ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2 5JP Tel-01753-530624 Fax-01753-535803
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੨
ਜਨਵਰੀ ੧੯੯੯
ਅੰਕ ੧

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

| | |
|---|---|
| ਸਾਲਾਨਾ ਚੰਦਾ | ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦ |
| ਅਮਾਨਤੀ ਲਾਈਫ ਮੈਂਬਰਸ਼ਿਪ | ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦ |
| ਚੰਦਾ ਭੇਜਣ ਦਾ ਪਤਾ | 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - ੧੪੧੦੦੨ (ਇੱਕ ਕਾਪੀ .... ੩.੦੦) |

ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ।।
ਸਚਾ ਅਲਖ ਅਭੇਉ ਹਠਿ ਨ ਪਤੀਜਈ।।
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ।।
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ।।
ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ।।
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ।।
ਕਰਮ ਵਧਹਿ ਕੈ ਲੋਅ ਖਪਿ ਮਰੀਜਈ।।
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ।।
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ।।੧੭।।

(ਵਾਰ ਮਲਾਰ ਕੀ ੧, ਪੰਨਾ ੧੨੮੫)

ਵਿਆਖਿਆ:- ਜੋ ਵਾਹਿਗੁਰੂ ਅਲਖ ਹੈ, ਕਿਸੇ ਤੋਂ ਲਖਿਆ ਨਹੀਂ ਜਾਂਦਾ, ਜਿਸ ਦਾ ਭੇਦ ਕਿਸੇ ਤੋਂ ਪਾਇਆ ਨਹੀਂ ਜਾਂਦਾ, ਐਸਾ ਅਲਖ ਅਭੇਉ ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਭਲਾ ਨਿਰੇ ਹਠ-ਕਰਮਾਂ ਨਾਲਿ ਕਿਵੇਂ ਪਤੀਜਦਾ, ਕਿਵੇਂ ਰਾਜ਼ੀ ਹੋ ਸਕਦਾ ਹੈ। ਪਤੀਜਦਾ ਹੈ ਤਾਂ ਪ੍ਰੇਮ ਨਾਲਿ ਕੀਤੇ ਸਿਫਤਿ ਸਾਲਾਹੀ ਸੱਚੇ ਕਰਮ ਨਾਮ ਅਭਿਆਸ ਕਮਾਈ ਦੁਆਰਾ ਹੀ ਪਤੀਜਦਾ ਹੈ। ਪ੍ਰੇਮ ਨਾਲਿ ਗਾਈ ਕੀਰਤਨਾਈ ਬਾਣੀ ਦੁਆਰਾ ਜੋ ਗੁਰਮੁਖ ਗਾਵੰਦੇ ਹਨ, ਉਹ ਸੱਚਾ ਸਾਹਿਬ ਸਭ ਤੋਂ ਵਧ ਅਤੇ ਛੇਤੀ ਤੋਂ ਛੇਤੀ ਪਤੀਜਦਾ ਰੀਝਦਾ ਹੈ, ਹੋਰ ਕੱਚੀ ਬਾਣੀ ਦੀਆਂ ਰਾਗਣੀਆਂ ਭਾਵੇਂ ਅਨਿਕ ਤਰੰਗੀ ਰਾਗਾਂ ਨਾਲਿ ਇੰਦਰ-ਅਖਾੜੇ ਦੀਆਂ ਪਰੀਆਂ ਭੀ ਜ਼ੋਰ ਲਾ ਲਾ ਕੇ ਗਾਵਨਿ, ਇਹਨਾਂ ਰਾਗਾਂ ਨਾਲਿ ਵਾਹਿਗੁਰੂ ਕਦੇ ਨਹੀਂ ਪਤੀਜਦਾ, ਕਿਉਂਕਿ ਇਹ ਰਾਗ ਮਨ-ਉਕਤ ਕਚ-ਮਿਲੇ ਗੀਤਾਂ ਵਾਲੇ ਹੁੰਦੇ ਹਨ। ਏਹਨਾਂ ਵਿਚਿ ਪ੍ਰੇਮ ਦੀ ਅੰਸ ਨਹੀਂ ਹੁੰਦੀ, ਨਾ ਹੀ ਰੱਬ ਨਾਲਿ ਜੋੜਨ ਵਾਲੀ ਰੱਬੀ ਖਿੱਚ ਮਨ-ਹਠੀ ਰਾਗਾਂ ਵਿਚਿ ਹੁੰਦੀ ਹੈ। ਇਹ ਰਾਗ ਤਾਂ ਮਨ ਦੀ ਚੰਚਲਤਾ ਨੂੰ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਹਨਾਂ ਰਾਗਾਂ ਦੇ ਗਾਉਣ ਸੁਣਨ ਕਰਿ ਸਗੋਂ ਬਿਰਤੀਆਂ ਗਉਣ ਸੁਣਨਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚਿ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਏਹਨਾਂ ਰਾਗਾਂ ਨੇ ਪਟ ਕੇ ਵਗਾਹ ਦਿੱਤੀ ਹੈ, ਕੁਸੰਗ ਦੇ ਨਰਕ ਘੋਰ ਵਿਚਿ ਪਾ ਛਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚਿ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਬਾਜ਼ ਨਹੀਂ ਆਉਂਦੇ। ਏਹਨਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧੀ ਤੁਰੀ ਜਾਂਦੀ ਹੈ। ਕੋਈ ਠੱਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ ਜੋ ਅੱਜ ਕਲ੍ਹ ਦੇ ਸਿਨਿਮਿਆਂ ਅਤੇ


www.AKJ.Org

ਥੀਏਟਰਾਂ ਵਿਚਿ ਗਾਏ ਸੁਣੇ ਜਾਂਦੇ ਹਨ, ਦੁਨੀਆਂ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਿਮਿਆਂ ਥੀਏਟ੍ਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰ ਕੇ ਕੰਗਾਲ ਤੋਂ ਕੰਗਾਲ ਤਬਕੇ ਦੇ ਬੁਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰਾਂ ਦੇ ਪਰਵਾਰ ਉਜਾੜ ਕੇ ਫਨਾਹ ਕਰ ਦਿਤੇ ਹਨ। ਫ਼ੀ ਜ਼ਮਾਨੇ ਵਿਚ ਜੋ ਆਚਾਰ-ਹੀਨਤਾ ਤੇ ਨਿਰਧਨਤਾ ਅਤੇ ਹੋਰ ਹਰਿ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆਂ ਵਿਚਿ ਵਰਤ ਰਹੀ ਹੈ ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰ ਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ ਅਤੇ ਸਦ ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤ੍ਰ ਦਾ ਸੁਆਰਥ ਪਰਮਾਰਥ ਖਾਨ ਪਾਨ ਧਨ ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਰੀਤਾਂ ਨੇ ਇਨਸਾਨੀ ਦਿਲੋ ਦਿਮਾਗ ਨੂੰ ਗੰਦਾ ਪਰਾਗੰਦਾ ਕਰਿ ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲਿ ਛਿੰਨ ਭੰਗਰੀ ਕੁਚਸਕਤਾ ਭਰੀ ਖੀਨ ਖਰਾਬੜੀ ਖੁਮਾਰੀ ਕੁਪੁਠੜੇ ਦਿਮਾਗਾਂ ਤੇਂ ਦਿਲਾਂ ਨੂੰ ਚੜ੍ਹ ਜਾਂਦੀ ਹੈ, ਪਰ ਛਿਨ ਮਾਤਰ ਵਿਚ ਉਤਰ ਜਾਂਦੀ ਹੈ। ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ-ਪ੍ਰਾਪਤੀ ਦੇ ਪਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ ਪਰਸਿਜਦਾ ਹੈ ਇਹਨਾਂ ਰਾਗ ਰਾਗਨੀਆਂ ਦੁਆਰਾ ? ਕਦੇ ਨਹੀਂ ਪਤੀਜਦਾ।

ਗੁਰਬਾਣੀ ਗਉਣ ਦੇ ਪਰਮਾਰਥੀ ਵੇਗ ਵਿਚਿ ਹੀ ਅਸਾਡੇ ਚੁਟਕੀਲੇ ਫਟਕੀਲੇ ਰਾਗੀਆਂ ਨੇ ਸਿਨਿਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ। ਜੋ ਗਾਵਨ ਸੁਣਨ ਹਾਰਿਆਂ ਦੀਆਂ ਮਾਨਸਿਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਲੇ ਰਾਗੀ ਚਟਪਟੀਲੇ ਰਾਗਾਂ ਦੀਆਂ ਤਰਜ਼ਾਂ ਦੇ ਕੁੱਠੇ ਹੋਏ ਤੇ ਉਨ੍ਹਾਂ ਦੇ ਸੂਤੇ ਨਿਰੀਆਂ ਰਾਗਾਂ ਦੀਆਂ ਚਟਪਟਾਲੀਆਂ ਦੇ ਹੀ ਮੁੱਠੇ ਹੋਏ ਹਨ। ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ। ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। ਪਰਮਾਤਮਾ ਨਾਲਿ ਲਿਵ ਜੁੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ ਤਰੰਗ ਹੀ ਸੀ, ਸੋ ਉਸਦਾ ਅਭਾਵ ਹੋ ਰਿਹਾ ਹੈ। ਸੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ। ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਿਮਿਆਂ ਥੀਏਟਰਾਂ ਵਿਚਿ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਏਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚਿ ਡੁਬੋੜਣ ਦਾ ਸਉਦਾ ਹੈ। ਪਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ। ਬਸ ਰੁੜ੍ਹਨ ਹੀ ਰੁੜ੍ਹਨ ਹੈ।

ਗੁਰਮਤਿ ਇਸ਼ਕ ਹਕੀਕੜੇ ਉਚ ਪਰਮਾਰਥੀ ਗੁਰਬਾਣੀ ਕੀਰਤਨ ਦੇ ਰਸੀਅੜੇ ਜਨਾਂ ਨੂੰ ਇਹ ਕਚ-ਪਿਚੇ ਰਾਗ ਹਰਗਿਜ਼ ਨਹੀਂ ਭਾਵੰਦੇ। ਤਾਂ ਗੁਰੂ ਕਰਤਾਰ ਨੂੰ ਕਦੋ ਭਾ ਸਕਦੇ ਹਨ। ਉਹ ਪੁਰਖ ਅਗੰਮੜਾ ਕਦੋਂ ਪਤੀਜ ਸਕਦਾ ਹੈ, ਇਹਨਾਂ ਰਾਗ ਰੰਗ ਅਖਾੜੇ ਵਾਲੀਆਂ ਰੀਝਾਂ ਤੇ। ਬੜੇ ਹਨੇਰ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਕਚ-ਪਿਚੇ ਰਾਗਾਂ ਦੇ ਕਚ ਦੇ ਢੇਰ ਵਿਚ ਕੰਚਨ ਨੂੰ ਰੁਲਾਇਆ ਜਾ ਰਿਹਾ ਹੈ। ਕੱਚੋਂ ਕੰਚਨ ਕਰਨਹਾਰੀ ਪਾਰਸ ਰੂਪੀ ਗੁਰਬਾਣੀ ਦੇ ਕੀਰਤਨ ਨੂੰ ਆਨਮਤੀਆਂ ਦੀ ਰੀਸੋ ਕੁਰੀਸੋ ਗੰਦੇ ਰਾਗਾਂ ਦੇ ਨਾਲਿ ਹੀ ਰੇਡੀਓ ਉਤੇ ਬ੍ਰਾਡਕਾਸਟ ਕਰ ਕੇ ਗਾਇਆ ਜਾ ਰਿਹਾ ਹੈ। ਜਿਸ ਰੇਡੀਓ ਉਤੇ ਗੰਦੇ ਰਾਗ ਬ੍ਰਾਡਕਾਸਟ ਕੀਤੇ ਜਾਂਦੇ ਹਨ ਉਸੇ ਰੇਡੀਓ ਸੈਟ ਉਤੇ ਲੋਭ ਲਾਲਚੀ ਸਿਖ ਰਾਗੀ ਗੁਰਸ਼ਬਦ ਦੇ ਕੀਰਤਨ ਨੂੰ ਬ੍ਰਾਡਕਾਸਟ ਕਰ ਕੇ ਬੇਚ ਰਹੇ ਹਨ। ਬੜੀ ਹੀ ਸ਼ਰਮ ਵਾਲੀ ਗੱਲ ਹੈ। ਕੀ ਇਹ ਗੁਰਬਾਣੀ ਦਾ ਪਰਚਾਰ ਹੈ ਕਿ ਪਰਹਾਰ ? ਏਸ ਨੂੰ ਇਕ-ਦਮ ਰੋਕਿਆ ਜਾਣਾ ਚਾਹੀਦਾ। ਗੁਰੂ ਨਾਨਕ ਸਾਹਿਬ ਜੀ ਦੇ ਜੋਤਿ ਅਵਿਤਾਰਾਂ ਸਮੇਂ ਕੇਵਲ ਆਨਮਤੀਆਂ ਅੰਦਰ ਹੀ ਸੀ। ਗੁਰਸਿਖਾਂ ਨੂੰ ਏਸ ਕੁਚਸਕੇ ਤੋਂ ਬਿਵਰਜਤ ਕਰਨ ਲਈ ਹੀ ਸੱਚੇ ਪਾਤਸ਼ਾਹ ਪਾਤਸ਼ਾਹ ਨੇ ਪਾਖੰਡ ਰਾਗ ਦੇ ਗਾਵਨ ਦੀ ਨਿਖੇਧੀ ਕੀਤੀ ਹੈ ਅਤੇ ਦਸਿਆ ਹੈ, "*ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥*' ਇਸ ਗੁਰਵਾਕ ਦੁਪੰਗਤੀ ਦੁਆਰਾ ਨ ਸਿਰਫ ਕਚੇ ਪਿਚੇ ਰਾਗਾਂ ਦੀ ਹੀ ਨਿਖੇਧੀ ਕੀਤੀ ਗਈ ਹੈ, ਬਲਕਿ ਤਾਲ ਪੂਰਨੇ ਨਾਦਾਂ ਨੂੰ ਭੀ ਨਿਖੇਧਿਆ ਗਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, ਇਸ ਤਰ੍ਹਾਂ ਨਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ, ਜੈਸਾ ਕਿ ਭਗਤੀਏ ਫਿਰਕੇ ਦੇ

(ਬਾਕੀ ਪੰਨਾ ੭ ਤੇ ...)



www.AKJ.Org

# ਗੁਰਮੁਖਾਂ ਦਾ ਬਿਸਰਾਮ-ਧਾਮ

(ਵਲੋਂ-ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ
ਆਸਾ ਲਗਿ ਜੀਵਤੇ ਜੀਉ।।

ਅਗਲੀ ਦਰਗਾਹੇ ਭਗਤ ਜਨਾਂ ਗੁਰਮੁਖਾਂ ਦਾ ਬਿਸਰਾਮ-ਧਾਮ ਭੀ ਹੈ। ਹੋਰ ਕਿਤੇ ਐਵੇਂ!! ਬੜਾ ਸੁੰਦਰ ਸੁਆਮੀ ਧਾਮ ਹੈ। (ਮਤ ਕਿਤੇ ਸਮਝ ਲੈਣਾ ਕਿ ਇਹ ਰਾਧਾ ਸੁਆਮੀਆਂ ਦਾ ਕਲਪਤ ਸੁਆਮੀ ਧਾਮ ਹੈ। ਰਾਧਾ ਸੁਆਮੀ ਤਾਂ ਐਵੇਂ ਹੀ ਗੁਰਬਾਣੀ ਅੰਦਰ ਆਏ ਇਥੇ ਲਿਖੇ ਸੁਆਮੀ ਪਦ ਨੂੰ ਰਾਧਾ ਸੁਆਮੀਆਂ ਨਾਲ ਕਲਪਤ ਕਰ ਲੈਂਦੇ ਹਨ)। ਇਹ ਗੁਰੂ ਘਰ ਦੇ ਗੁਰਮੁਖ ਜਨਾਂ ਦਾ ਹੀ ਬਿਸਰਾਮ ਅਸਥਾਨ ਹੈ, ਜਿਸ ਅਸਥਾਨ ਦੀ ਪਰਾਪਤੀ ਲਈ ਗੁਰਮੁਖ ਪਿਆਰੇ ਆਸਾ ਲਗ ਜੀਂਵਦੇ ਹਨ। ਇਸ ਸੁਹਾਵਣੀ ਆਸਾ ਵਿਚ ਮਨੋਂ ਤਨੋਂ ਗਲਤਾਨ ਹੋਇ ਸਿਮਰਨ ਰਸ ਅੰਦਰ ਥਿਰ ਰਹੀਵਤੇ, ਅੰਮ੍ਰਿਤ ਪੀਵਤੇ ਜੀਵਨ ਪਦ ਇਸ ਲੋਕ ਵਿਖੇ ਹੀ ਮਾਣਦੇ ਹਨ। ਅੰਮ੍ਰਿਤ ਰਸ ਪੀਵਤੇ ਹੋਏ ਸਦਾ ਥਿਰ ਥੀਵਤੇ ਹੈਂ। ਤਿਨ੍ਹਾਂ ਨੇ ਬਿਖੇ ਬਨੁ ਸਭੁ ਫੀਕਾ ਜਾਣਿਆ ਹੈ ਅਤੇ ਮਨ ਬਚ ਕਰਮ ਕਰਕੇ ਫੀਕਾ ਜਾਣਿਆ ਹੈ। ਤਿਨ੍ਹਾਂ ਉਤੇ ਗੋਪਾਲ ਦਇਆਲ ਪ੍ਰਭ ਮੇਰੇ ਕਿਰਪਾਲ ਭਏ ਹੈਂ। ਤਿਨ੍ਹਾਂ ਨੇ ਇਸ ਨਵਨਿਧ ਨਾਮ ਦੀ ਕਮਾਈ ਸਾਧ-ਸੰਗਤਿ ਵਿਚ ਰਹਿ ਕੇ, ਬਹਿ ਕੇ, ਕੀਤੀ ਹੋਈ ਹੁੰਦੀ ਹੈ। ਜਿਥੇ ਕਿ ਨਾਮ ਨਿਧਾਨ ਅੰਮ੍ਰਿਤ-ਰਸ ਉਹਨਾਂ ਨੇ ਖ਼ੂਬ ਗਹਿ ਕੇ ਮਾਇਆ ਹੁੰਦਾ ਹੈ। ਤਿਨ੍ਹਾਂ ਸਰਬਸੀ ਸੁਖ ਅਨੰਦ ਘਨ ਪਿਆਰਿਆਂ ਨੇ ਹਰਿ-ਰਤਨ ਮਨ ਅੰਤਰ ਸੀਵ ਲਇਆ ਹੁੰਦਾ ਹੈ। ਤਿਨ੍ਹਾਂ ਨੂੰ ਪ੍ਰਾਨ-ਅਧਾਰਾ ਪ੍ਰੀਤਮ ਵਾਹਿਗੁਰੂ ਇਕ ਤਿਲ ਭੀ ਨਹੀਂ ਵਿਸਰਦਾ। ਉਹਨਾਂ ਦਾ ਵਾਹਿਗੁਰੂ ਨਾਮ ਰਿਦਿ ਜਪਿ ਜਪਿ ਵਿਗਸੀਂਵਦਾ ਹੈ ਤੇ ਸੱਚਾ ਜੀਵਣਾ ਹੁੰਦਾ ਹੈ। ਗੁਰਵਾਕ :-

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ,
ਆਸਾ ਲਗਿ ਜੀਵਤੇ ਜੀਉ।।
ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ,
ਹਰਿ ਅੰਮ੍ਰਿਤੁ ਪੀਵਤੇ ਜੀਉ।।
ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ,
ਬਿਖੈ ਬਨੁ ਫੀਕਾ ਜਾਨਿਆ।।
ਭਏ ਕਿਰਪਾਲ ਗੋਪਾਲ ਪ੍ਰਭ ਮੇਰੇ,
ਸਾਧ ਸੰਗਤਿ ਨਿਧਿ ਮਾਨਿਆ।।
ਸਰਬਸੋ ਸੂਖ ਆਨੰਦ ਘਨ ਪਿਆਰੇ,
ਹਰਿ ਰਤਨੁ ਮਨ ਅੰਤਰਿ ਸੀਵਤੇ।।
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ,
ਜਪਿ ਜਪਿ ਨਾਨਕ ਜੀਵਤੇ।।੩।।

(ਸਿਰੀ ਰਾਗ ਮ: ੫ ਛੰਤ, ਪੰਨਾ ੮੦)

ਤਿਸ ਭਗਤਹ ਦਰਗਾਹੀ ਭਗਤਹ ਬਿਸਰਾਮ ਧਾਮ ਦਾ ਕਿਆ ਸੋਹਣਾ ਅਚਰਜ ਨਕਸਾ ਬੰਨ੍ਹ ਕੇ ਇਸ ਅਗਲੇ ਰੇ ਗੁਰਵਾਕ ਅੰਦਰ ਚਿਤਾਰਿਆ ਗਇਆ ਹੈ :-

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ।।
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ।।
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।।੨।।
ਗਿਆਨ ਅੰਜਨ ਭੈ ਭੰਜਨਾ ਦੇਖੁ ਨਿਰੰਜਨ ਭਾਇ।।
ਗੁਪਤੁ ਪ੍ਰਗਟੁ ਸਭ ਜਾਣੀਐ,ਜੇ ਮਨੁ ਰਾਖੈ ਠਾਇ।।

(ਸਿਰੀ ਰਾਗੁ ਮ: ੧, ਪੰਨਾ ੫੭)

ਗੁਪਤ ਪ੍ਰਭ ਨੂੰ ਪ੍ਰਗਟ ਕਰਨਹਾਰਿਆਂ ਨੂੰ ਏਥੇ ਹੀ ਜੀਉਂਦੇ-ਜੀ ਹੀ ਸੁੰਦਰ ਸੁਆਮੀ ਧਾਮ ਦਾ ਅਨੂਪਮ ਨਜ਼ਾਰਾ ਦੇਖ ਲਿਆ ਹੁੰਦਾ ਹੈ। *ਸੁਰਤਿ ਸਬਦ ਦੀ ਅਕਲ-ਕਲਾ ਦਾ ਪਾਰਸ ਰਸਾਇਣੀ ਅੰਮ੍ਰਿਤ ਤਲਿਸਮੀ ਨਾਮ-ਜਾਦੂ ਵਰਤ ਕੇ, ਤਿਨ੍ਹਾਂ ਨੇ ਨਾਭੀ ਅੰਦਰ ਸੁਆਸਾਂ ਨੂੰ ਠਹਿਰਾਇ ਕੇ, ਉਪਰ ਸੁਰਤ ਚੜ੍ਹਾਇ ਕੇ ਅੰਤਰ ਜੋਤ ਜਗ-ਮਗਾ ਲਈ ਹੁੰਦੀ ਹੈ।* ਉਹਨਾਂ ਦਾ ਅੰਦਰਲਾ ਕਾਇਆਂ ਕਾਲਬਾਰਾ ਜੋਤ ਗੈਣਾਰਾ ਹੋਇਆ ਹੁੰਦਾ ਹੈ। ਸਾਰਾ ਘਟ ਜੋਤੀਸਰੀ ਸੋਹਣਾ ਮੰਦਾਰਾ ਐਨ ਗੈਣਾਰੀਏ ਹਰਿ-ਮੰਦਰ ਦਾ ਅਰਧ-ਉਭਾਰਾ ਬਣਾਇਆ ਹੁੰਦਾ ਹੈ। ਕਰਨੇਹਾਰ ਕਰਤਾਰ ਨੇ ਆਪ ਹੀ ਇਹ ਹਰੀ-ਮੰਦਰ ਸੋਹਣਾ ਅੰਦਰ, ਘਟਿ-ਕਾਇਆਂ ਅੰਦਰ ਉਸਾਰ ਲਿਆ ਹੁੰਦਾ ਹੈ। ਘਟ ਅੰਤਰ ਹੀ ਰਵਿ ਸਸਿ ਦੀਪ ਅਨੂਪ ਜੋਤਿ ਸੂਰਜ ਚੰਦ ਰੂਪੀ ਦੀਵਿਆਂ ਨੂੰ ਮਾਤ ਕਰਦੀ ਜੋਤਿ ਪ੍ਰਗਟ ਹੋਇ ਆਵੰਦੀ ਹੈ। ਜਿਸ ਦਾ ਅੰਦਰੋਂ ਉਜਿਆਰਾ ਪਸਰ ਕੇ ਤ੍ਰਿਭਵਣ ਅੰਦਰਿ ਜੋਤ ਜਗੰਨਾ ਹੋਇ ਪਸਰ ਗਇਆ ਹੁੰਦਾ ਹੈ, ਘਟ ਅੰਦਰਿ ਹਟ-ਪਟਣ ਗੜ ਕੋਠੜੀ ਬਣ ਜਾਂਦੀ ਹੈ, ਜਿਥੇ ਸੱਚ ਸਉਦਾ ਵਾਪਾਰ ਹੁੰਦਾ ਹੈ। ਭੈ ਭੰਜਨੀ ਜੋਤ ਨਿਰੰਜਨੀ ਨੂੰ ਦੇਖਣਹਾਰੀਆਂ ਗਿਆਨ-ਅੰਜਨੀ ਜੋਤ ਨਿਰੰਜਨੀ ਅਖੜੀਆਂ ਘਟ ਅੰਦਰੇ ਹੀ ਖੁਲ੍ਹ ਜਾਂਦੀਆਂ ਹਨ, ਜਿਨ੍ਹਾਂ ਦੁਆਰਾ ਗੁਪਤ ਵਾਹਿਗੁਰੂ ਨੂੰ ਰਿਦ ਅੰਦਰ ਪ੍ਰਗਟਾਇ ਕੇ ਅੰਤਰ ਬਾਹਰ ਸਾਰੇ ਹੀ ਪਰਤੱਖ ਪੇਖ ਲਈਦਾ ਹੈ। ਤੇ ਉਚ ਅਪਾਰ-ਮੰਡਲਾਂ ਵਿਖੇ ਹੀ ਸੁੰਦਰ ਵਾਹਿਗੁਰੂ ਦੇ ਸਚਖੰਡੀ ਧਾਮ ਦੇ ਪਰਤੱਖ ਦਿਦਾਰੇ ਕਰ ਲਈਦੇ ਹਨ।

(ਬਾਕੀ ਪੰਨਾ ੧੫ ਤੇ ...)


www.AKJ.Org

# ਚੋਜੀ ਮੇਰੇ ਗੋਬਿੰਦਾ

(ਡਾ: ਕੁਲਦੀਪ ਕੌਰ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੋਹ ਸੁਦੀ ਸਪਤਮੀ ਸੰਨ ੧੬੬੬ ਈ: ਵਿਚ ਪਟਨਾ ਸ਼ਹਿਰ ਵਿਚ ਮਾਤਾ ਗੁਜਰੀ ਜੀ ਦੀ ਕੁਖੋਂ ਜਨਮ ਲਿਆ। ਪਿਤਾ ਗੁਰੂ ਤੇਗ ਬਹਾਦਰ ਜੀ ਆਪਣੀ ਪੂਰਬ ਦੀ ਪਰਚਾਰ ਫੇਰੀ ਦੌਰਾਨ ਪਰਿਵਾਰ ਨੂੰ ਪਟਨਾ ਸ਼ਹਿਰ ਦੀ ਇਕ ਖੁਲ੍ਹੀ ਹਵੇਲੀ ਵਿਚ ਨਿਵਾਸ ਕਰਾ ਕੇ, ਸਿੱਖ ਸੰਗਤਾਂ ਦੀ ਸੌਂਪਣੀ ਵਿਚ ਛੱਡ ਕੇ ਆਸਾਮ ਵੱਲ ਗਏ ਸਨ। ਇਸ ਹਵੇਲੀ ਵਿਚ ਹੀ ਗੋਬਿੰਦ ਰਾਏ ਜੀ ਪ੍ਰਕਾਸ਼ ਮਾਨ ਹੋਏ ਸਨ ਜਿਸਦੀ ਸੂਚਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਢਾਕੇ ਪਹੁੰਚਾਈ ਗਈ ਸੀ। ਦਸਮੇਸ਼ ਪਿਤਾ ਨੇ ਆਪ ਆਪਣੀ ਰਚਨਾ ਵਿਚ ਇਸ ਤੱਥ ਦੀ ਗਵਾਹੀ ਭਰੀ ਹੈ :

ਤਹੀ ਪ੍ਰਕਾਸ ਹਮਾਰਾ ਭਯੋ।।
ਪਟਨਾ ਸਹਰ ਬਿਖੈ ਭਵ ਲਯੋ।।

ਜੀਵਨ ਦੇ ਪਹਿਲੇ ਛੇ ਵਰ੍ਹੇ ਆਪਨੇ ਇਸੇ ਸ਼ਹਿਰ, ਇਸੇ ਹਵੇਲੀ ਵਿਚ ਬਿਤਾਏ। ਇਸੇ ਸਥਾਨ ਤੇ ਤਖਤ ਸ੍ਰੀ ਹਰਿਮੰਦਰ ਸਾਹਿਬ ਸੁਸ਼ੋਭਿਤ ਹੈ। ਬਾਲਪਨ ਦੇ ਵਰ੍ਹੇ ਕੁੱਝ ਸਿੱਖਣ, ਖੇਡਣ ਮਲਣ, ਹਾਸਾ ਖੇਡ ਤੇ ਕਲੋਲ ਕਰਨ ਵਾਲੇ ਹੁੰਦੇ ਹਨ। ਗਲੀ ਮਹੱਲੇ ਦੇ ਕਈ ਸਾਥੀਆਂ ਨਾਲ ਆਪ ਜੀ ਦੀ ਸਾਂਝ ਬਣ ਗਈ। ਦੋਸਤੀ ਦਾ ਘੇਰਾ ਵਧ ਗਿਆ। ਬਾਲਕਾਂ ਦੀ ਮਾਨੋਂ ਸੈਨਾ ਹੀ ਇੱਕਠੀ ਹੋ ਜਾਂਦੀ। ਖੇਡਾਂ ਵੀ ਸੈਨਿਕ ਸਰੂਪ ਵਾਲੀਆਂ ਹੁੰਦੀਆਂ। ਪਹਿਲਾਂ ਗੁਲੇਲ ਅਤੇ ਫਿਰ ਤੀਰ ਚਲਾਉਣਾ ਸਿੱਖਿਆ। ਅਕਾਲ ਪੁਰਖ ਵਲੋਂ ਭੇਜੀਆਂ ਮਹਾਨ ਆਤਮਾਵਾਂ ਦੇ ਚੋਜ ਵੀ ਨਿਆਰੇ ਹੁੰਦੇ ਹਨ, ਇੱਥੇ ਖੇਡਦਿਆਂ ਕਈ ਪ੍ਰਕਾਰ ਦੇ ਬਾਲ ਚੋਜ ਦਰਸਾਏ। ਹਵੇਲੀ ਵਿਚਲੀ ਖੂਹੀ ਤੋਂ ਪਿੰਡ ਦੀਆਂ ਇਸਤ੍ਰੀਆਂ ਪਾਣੀ ਦੇ ਘੜੇ ਭਰਨ ਆਇਆ ਕਰਦੀਆਂ ਸਨ। ਬਾਲ ਗੋਬਿੰਦ ਰਾਏ ਦਾ ਹਰ ਚੋਜ ਨਾਟਕੀ ਹੁੰਦਾ ਸੀ। ਆਪਨੇ ਗੁਲੇਲਾਂ ਚਲਾ ਕੇ ਮਿੱਟੀ ਦੇ ਘੜੇ ਫੋੜ ਦੇਣੇ। ਫਿਰ ਘੜਿਆਂ ਦੀ ਥਾਂ ਮਾਤਾ ਜੀ ਵਲੋਂ ਦਿਤੀਆਂ ਗਾਗਰਾਂ ਨੂੰ ਤੀਰਾਂ ਨਾਲ ਫੁੰਡਣਾ ਸ਼ੁਰੂ ਕਰ ਦਿੱਤਾ। ਹਸਦਿਆਂ ਹਸਦਿਆਂ ਇਹ ਨਾਟਕ ਰਚਾਉਣੇ ਅਤੇ ਮਾਤਾ ਨੂੰ ਉਲਾਹਮੇ ਦਿਵਾਉਣੇ। ਕੌਣ ਜਾਣੇ ਇਨ੍ਹਾਂ ਚੋਜਾਂ ਪਿੱਛੇ ਕੀ ਰਹਸਯ ਸੀ। ਨਿਤ ਨਵੀਆਂ ਝਾਕੀਆਂ ਸਾਮਣੇ ਆਉਣ ਲੱਗੀਆ। ਪਵਿਤ੍ਰ ਮੰਨੀ ਜਾਂਦੀ ਗੰਗਾ ਦੇ ਕਿਨਾਰੇ ਇਹ ਕੌਤਕ ਵਰਤ ਰਹੇ ਸਨ। ਹੱਥੀਂ ਪਾਇਆ ਸੋਨੇ ਦਾ ਕੜਾ ਗੰਗਾ ਵਿਚ ਵਗਾਹ ਮਾਰਿਆ। ਮਾਤਾ ਜੀ ਦੇ ਪੁੱਛਣ ਤੇ ਨਿਸ਼ਾਨ ਦੇਹੀ ਦੂਜਾ ਕੜਾ ਨਿਸ਼ਾਨਾ ਬੰਨ੍ਹ ਕੇ ਉਸੇ ਥਾਂ ਤੇ ਸੁੱਟਿਆ।

ਚੋਜੀ ਬਾਲਕ ਦਾ ਇੱਕ ਹੋਰ ਚੋਜ। ਫ਼ਤਹ ਚੰਦ ਮੈਣੀ ਦੀ ਰਾਣੀ ਦੇ ਮਨ ਵਿਚ ਉੱਠੀ ਪੁੱਤਰ ਦੀ ਅਭਿਲਾਸ਼ਾ ਪੂਰੀ ਕਰਨ ਲਈ ਆਪ ਉਸਦੀ ਗੋਦ ਵਿਚ ਬੈਠ ਕੇ, ਉਸ ਨੂੰ 'ਮਾਂ' ਕਹਿਕੇ ਉਸ ਦੀ ਇੱਛਾ ਪੂਰੀ ਕੀਤੀ। ਰੋਜ਼ ਸਾਥੀਆਂ ਨੂੰ ਨਾਲ ਲੈਕੇ ਰਾਣੀ ਕੋਲ ਜਾਣਾ, ਪੂੜੀਆਂ ਛੋਲੇ ਖਾਣੇ ਅਤੇ ਉਸਦੀ ਗੋਦ ਦਾ ਆਨੰਦ ਮਾਣਨਾ ਅਤੇ ਉਸ ਨੂੰ ਆਨੰਦਿਤ ਕਰਨਾ, ਇਕ ਅਸਚਰਜ ਕੌਤਕ ਸੀ।

ਇਹ ਨਾਟਕੀ ਕੌਤਕ ਆਪ ਦੀ ਵਿਅੰਗਮਈ ਤੇ ਹਾਸਰਸੀ ਬਿਰਤੀ ਦੇ ਸੂਚਕ ਸਨ। ਘੜਿਆਂ ਵਾਲੀ ਖੇਡ ਬਹਾਦਰੀ ਅਤੇ ਵੰਗਾਰ ਦਾ ਚਿੰਨ੍ਹ ਸੀ। ਚੋਜੀ ਬਾਲਕ ਨੇ ਸਮਾ ਪਾ ਕੇ ਰਾਕਸ਼ ਬ੍ਰਿਤੀਆਂ ਵਾਲਿਆਂ ਦੀਆਂ ਸਿਰੀਆਂ ਫੇਹਣੀਆਂ ਸਨ। ਤਿਆਰੀ ਹੋ ਰਹੀ ਸੀ। ਕਿਸੇ ਪ੍ਰਕਾਰ ਦੀ ਕੋਈ ਪਕੜ ਨਹੀਂ ਸੀ। ਸਭ ਤੋਂ ਪਹਿਲਾਂ ਤੇ ਮਹਾਨ ਤਿਆਗ ਜੋ ਆਪਨੇ ਕੀਤਾ ਉਹ ਆਪਣੇ ਪਿਤਾ ਦਾ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ, ਤਿਆਗ ਸੀ। ਯਤੀਮ ਬਣਨ ਤੋਂ ਨਹੀਂ ਡਰੇ। ਚੋਜੀ ਦੇ ਚੋਜ ਨਿਆਰੇ। ਰਾਣੀ ਦੇ ਪੁੱਤਰ ਬਣ ਕੇ ਸਹਿਕਦਿਆਂ ਲਈ ਸਹਾਰਾ ਬਣਨ ਦਾ ਸਬੂਤ ਦਿੱਤਾ। ਇਹ ਸਾਰੇ ਗੁਣ ਆਪ ਜੀ ਦੀ ਸੰਸਾਰ ਫੇਰੀ ਦੌਰ ਪ੍ਰਤੱਖ ਰੂਪ ਵਿੱਚ ਪ੍ਰਗਟ ਹੁੰਦੇ ਰਹੇ।

ਆਪ ਦੇ ਆਗਮਨ ਦਾ ਪ੍ਰਭਾਵ ਪਵਿਤ੍ਰ ਰੂਹਾਂ ਉਤੇ ਤਤਕਾਲ ਪੈ ਗਿਆ। ਸੱਯਦ ਭੀਖਣ ਸ਼ਾਹ ਪੰਜਾਬ ਵਿਚ ਬੈਠਾ ਰੱਬੀ ਰਿਸ਼ਮਾ ਵੇਖਣ ਲੱਗਾ। ਨਮਾਜ਼ ਪੜ੍ਹਦਿਆਂ ਸਹਜ ਸੁਭਾ ਹੀ ਪੱਛਮ ਦੀ ਥਾਂ ਪੂਰਬ ਵੱਲ ਸਿਜਦਾ ਹੋ ਗਿਆ। ਉਸੇ ਵੇਲੇ ਨੂਰੀ ਦਰਸ਼ਨਾਂ ਲਈ ਚੱਲ ਪਿਆ। ਦਰਸ਼ਨ ਕੀਤੇ। ਅੰਦਰ ਠੰਢ ਪੈ ਗਈ। ਬਾਲ ਚੋਜ ਵੇਖ ਕੇ ਤੱਸਲੀ ਹੋ ਗਈ ਕਿ ਇਹ ਦੈਵੀ ਬਾਲਕ ਤੀਸਰ ਪੰਥ ਚਲਾਵੇਗਾ ਪਰ ਹਿੰਦੂ ਤੇ ਮੁਸਲਮਾਨ ਦਾ ਦੋਖੀ ਨਹੀਂ ਬਣੇਗਾ ਸਗੋਂ ਸਮੁੱਚੀ ਮਾਨਵਤਾ ਨੂੰ ਤਾਰਨ ਦੇ ਕਾਰਜ ਨਿਭਾਏਗਾ। ਪਹਿਲੀ ਨਾਨਕ ਜੋਤ ਨੇ ਜੋਗੀਆਂ ਦੇ ਦੁੱਧ ਨਾਲ ਭਰੇ ਕਟੋਰੇ ਵਿਚ ਚੰਬੇਲੀ ਦਾ ਫੁੱਲ ਟਿਕਾਕੇ ਇਹੋ ਗੱਲ ਹੀ ਸਮਝਾਈ ਸੀ।

ਛੇ ਸਾਲ ਆਪ ਆਪਣੇ ਚੋਜਾਂ ਨਾਲ ਪਟਨੇ ਦੀਆਂ ਸੰਗਤਾਂ ਨੂੰ ਆਪਣੇ ਅਨੋਖੇ ਚੋਜਾਂ ਨਾਲ ਨਿਹਾਲ ਕਰਦੇ ਰਹੇ। ਮਿਹਰਾਂ ਦਾ ਮੀਂਹ ਵਰਸਦਾ ਰਿਹਾ। ਸਭ ਨੇ ਅਨੁਭਵ ਕਰ ਲਿਆ ਸੀ ਕਿ ਇਹ ਕੋਈ ਸਾਧਾਰਣ ਬਾਲਕ ਨਹੀਂ। ਫਿਰ ਪਿਤਾ ਜੀ ਨੇ ਆਪ ਨੂੰ ਪਰਿਵਾਰ ਸਮੇਤ ਪੰਜਾਬ ਮੰਗਵਾ ਲਿਆ। ਭਵਿਸ਼ਦਰਸੀ ਪਿਤਾ ਨੇ ਪੰਜਾਬ ਦੀ ਵਿਗੜਦੀ ਦਸ਼ਾ ਨੂੰ ਵੇਖ ਕੇ, ਲੁਕਾਈ ਦੇ ਹਿਤ ਨੂੰ ਮੁੱਖ ਰਖੱਦਿਆਂ ਪੰਜਾਬੋਂ ਬਾਹਰ ਜਾਣਾ ਉਚਿੱਤ ਨਾ ਸਮਝਿਆ, ਆਮ ਵਿਅਕਤੀ ਤਾਂ ਵਿਗੜਦੀ ਦਸ਼ਾ ਵੇਖ ਕੇ ਪਰਿਵਾਰਾਂ


www.AKJ.Org

ਨੂੰ ਪਹਿਲਾਂ ਹੀ ਦੂਰ ਦੁਰਾਡੇ ਭੇਜ ਦੇਂਦੇ ਹਨ। ਪਰੰਤੂ ਜਿਸ ਨੇ ਮੋਢਾ ਦੇ ਕੇ ਡੁਬਦਿਆਂ ਨੂੰ ਬਚਾਉਣਾ ਹੁੰਦਾ ਹੈ, ਉਹ ਅਜਿਹਾ ਨਹੀਂ ਕਰ ਸਕਦਾ। ਹਾਂ ਵਿਸ਼ੇਸ਼ ਹਾਲਤਾਂ ਵਿਚ ਅਜਿਹੀ ਨੀਤੀ ਵੀ ਅਪਨਾਉਣੀ ਪੈ ਜਾਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਚਾਹੁੰਦੇ ਸਨ ਕਿ ਇੱਕ ਤਾਂ ਬਾਲ ਗੋਬਿੰਦ ਰਾਏ ਨੂੰ ਇੱਥੇ ਰਹਿ ਕੇ ਸਾਰੇ ਹਾਲਾਤ ਦੀ ਜਾਣਕਾਰੀ ਮਿਲਦੀ ਰਹੇ। ਦੂਸਰੇ ਉਹ ਸਾਹਿਬਜ਼ਾਦੇ ਨੂੰ ਆਪਣੇ ਕੋਲ ਰੱਖ ਕੇ ਪੂਰੀ ਤਰ੍ਹਾਂ ਸੁਸਿੱਖਿਅਤ ਕਰਨਾ ਚਾਹੁੰਦੇ ਸਨ। ਸਮਾਂ ਥੋੜਾ ਸੀ। ਕੰਮ ਮਹਾਨ ਸੀ। ਪਰ ਚੋਜੀ ਪਿਤਾ ਦੇ ਚੋਜੀ ਬਾਲਕ ਨੇ ਥੋੜੇ ਸਮੇਂ ਵਿਚ ਹੀ ਸਰਵਵੱਖੀ ਵਿਦਿਆ ਪ੍ਰਾਪਤ ਕਰ ਲਈ। ਪਿਤਾ ਜੀ ਦੀ ਇਸ ਘਾਲਣਾ ਦਾ ਵਰਣਨ ਆਪਨੇ ਬਚਿਤ੍ਰ ਨਾਟਕ ਵਿਚ ਕੀਤਾ ਹੈ :

ਮਦ੍ਰ ਦੇਸ ਹਮ ਕੋ ਲੇ ਆਏ।
ਭਾਂਤਿ ਭਾਂਤਿ ਕਾਈਅਨ ਦੁਲਰਾਏ।
ਕੀਨੀ ਅਨਿਕ ਭਾਂਤ ਤਨ ਰੱਛਾ।
ਕੀਨੀ ਭਾਂਤ ਭਾਂਤ ਕੀ ਸਿੱਛਾ।

ਚੋਜੀ ਪਿਤਾ ਦੇ ਅਸਚਰਜ ਕੌਤਕ ਗਾਗਰਾਂ ਵਿੰਨ੍ਹਣ ਤੇ ਘੋੜੇ ਫੋੜਨ ਦੇ ਚੋਜਾਂ ਨੇ ਰੂਪ ਬਦਲਿਆ। ਦੁਖੀ ਭਾਰਤ ਵਾਸੀਆਂ ਦੇ ਪ੍ਰਤੀਨਿਧ ਸਰੂਪ ਵਿਚ ਆਏ ਕਸ਼ਮੀਰੀ ਪੰਡਤਾਂ ਦੀ ਬੇਨਤੀ ਸੁਣ ਕੇ ਅੰਦਰਾਤਮੇ ਸ਼ਹਾਦਤ ਲਈ ਸੀਸ ਰੂਪੀ ਮਟਕਾ ਫੋੜਨ ਦੀ ਸਲਾਹ ਦਿੱਤੀ। ਪਟਨਾ ਸਾਹਿਬ ਵਿਖੇ ਮਿੱਟੀ ਦੇ ਘੜੇ ਫੋੜਨ ਕਰਕੇ, ਮਾਤਾ ਜੀ ਨੂੰ ਬਹੁਤ ਉਲਾਹਮੇ ਮਿਲਦੇ ਰਹੇ ਸਨ। ਬਾਲਾ ਪ੍ਰੀਤਮ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪੰਚ ਭੌਤਿਕ ਸਰੀਰ ਦਾ ਸੀਸ ਰੂਪੀ ਮਟਕਾ ਫੋੜਨ ਲਈ ਖ਼ੁਸ਼ੀ ਨਾਲ ਦਿੱਲੀ ਭੇਜ ਕੇ ਸਾਰੇ ਭਾਰਤ ਵਾਸੀਆਂ ਦਾ ਉਲਾਹਮਾ ਲਾਹ ਵਿਖਾਇਆ। ਇਸ ਦਾ ਵਰਣਨ ਆਪ ਜੀ ਨੇ ਇਸ ਤਰ੍ਹਾਂ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ।
ਠੀਕਰਿ ਫੋਰਿ ਦਿਲੀਸ ਸਿਰ, ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।

ਨੌਂ ਸਾਲ ਤੋਂ ਘੱਟ ਉਮਰ ਵਾਲੇ ਬਾਲਕ ਦੀ ਇਹ ਕੁਰਬਾਨੀ ਅਦੁੱਤੀ ਤੇ ਲਾਸਾਨੀ ਹੈ। ਇਸ ਪਿੱਛੋਂ ਕੁਰਬਾਨੀਆਂ ਦੀ ਲੜੀ ਸ਼ੁਰੂ ਹੋ ਗਈ। ਪਿਤਾ ਜੀ ਦੀ ਛਤ੍ਰ ਛਾਇਆ ਹੇਠ ਕੇਵਲ ਤਿੰਨ ਵਰ੍ਹੇ ਬਿਤਾਏ ਸਨ। ਜਦੋਂ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਤਾਂ ਉਸ ਖ਼ਜ਼ਾਨੇ ਨੂੰ ਅਮਲੀ ਤੌਰ ਤੇ ਭਰਪੂਰ ਕਰਨ ਵਿੱਚ ਜੁੱਟ ਪਏ। ਪਿਤਾ ਜੀ ਨੇ ਦਿੱਲੀ ਜਾਣ ਤੋਂ ਪਹਿਲਾਂ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ ਜਿਸਨੂੰ ਆਪਨੇ ਅਕਾਲ ਪੁਰਖ ਦੇ ਹੁਕਮ ਦਾ ਪਾਲਣ ਕਰਦੇ ਹੋਏ, ਮਿਥੇ ਆਦਰਸ਼ ਦੀ ਪੂਰਤੀ ਲਈ ਪੂਰੀ ਤਰ੍ਹਾਂ ਸੰਭਾਲਿਆ :

ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਧਾਰਨ।

ਜਿਵੇਂ ਆਪ ਜੀ ਨੇ ਪਿਤਾ ਜੀ ਦੀ ਦੇਖ ਰੇਖ ਹੇਠ ਸਿਖਲਾਈ ਲਈ ਸੀ , ਗੁਰਗੱਦੀ ਉੱਤੇ ਸੁਸ਼ੋਭਿਤ ਹੋਣ ਪਿਛੋਂ ਉਸੇ ਤਰ੍ਹਾਂ ਗੁਰੂ ਨਾਨਕ ਦੇ ਚਲਾਏ 'ਨਿਰਮਲ ਪੰਥ' ਨੂੰ ਸਿਖਲਾਈ ਦੇਣੀ ਅਰੰਭ ਕੀਤੀ। ਸਮੇਂ ਕਰੜੇ ਸਨ। ਸਖਤੀਆਂ ਤੇ ਜ਼ੁਲਮਾਂ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਸੀ। ਜ਼ਾਲਮ ਨਾਲ ਦੋ ਹੱਥ ਕਰਨੇ ਹੀ ਪੈਣੇ ਸਨ। ਸ਼ਕਤੀ ਪ੍ਰਾਪਤ ਕਰਨ ਲਈ ਸ਼ਕਤੀ ਦੇ ਸੋਮੇ ਨਾਲ ਜੁੜਨਾ ਜ਼ਰੂਰੀ ਹੁੰਦਾ ਹੈ। ਇਸ ਲਈ ਜਿੱਥੇ ਆਪਨੇ ਅਕਾਲ ਪੁਰਖ ਦੀ ਅਨੰਤਤਾ ਵਿਚ ਅਭੇਦਤਾ ਅਤੇ 'ਦ੍ਵੈ' ਤੇ 'ਇਕ ਰੂਪ' ਹੋਣ ਦੀ ਸਿਖਿਆ ਨੂੰ ਪੱਕਿਆਂ ਕੀਤਾ ਉਥੇ ਨਾਲ ਹੀ ਸਿੱਖ ਕਿਰਤੀਆਂ ਨੂੰ ਜਵਾਂ ਮਰਦੀ ਵਿਚ ਵੀ ਨਿਪੁੰਨ ਕੀਤਾ। ਆਪ ਗ੍ਰਿਹਸਤੀ ਬਣ ਕੇ ਚਾਰ ਪੁੱਤਰਾਂ ਦੇ ਪਿਤਾ ਬਣੇ। ਪੁੱਤਰਾਂ ਵਿੱਚ ਵੀ ਉਹ ਸਾਰੇ ਗੁਣ ਭਰੇ ਜੋ ਪੰਥ ਵਿਚ ਵੇਖਦਾ ਚਾਹੁੰਦੇ ਸਨ। ਪੁੱਤਰਾਂ ਨਾਲੋਂ ਸਿੱਖਾਂ ਨਾਲ ਵਧੇਰੇ ਪਿਆਰ ਕਰਕੇ ਨਿਰਲੇਪਤਾ ਤੇ ਨਿਸ਼ਕਾਮਤਾ ਦਾ ਸਬਕ ਸਿਖਾਇਆ। ਪਿਤਾ ਵਾਰਕੇ ਤਿਆਗ ਤੇ ਕੁਰਬਾਨੀ ਦਾ ਜਜ਼ਬਾ ਤਾਂ ਪਹਿਲਾਂ ਹੀ ਭਰ ਚੁੱਕੇ ਸਨ ਅਤੇ ਸਮੁੱਚੇ ਪੰਥ ਵਿੱਚ ਇਹ ਜਜ਼ਬਾ ਭਰਪੂਰ ਵੇਖਣ ਦੀ ਤਮੰਨਾ ਸੀ। ਭਾਰਤ ਵਾਸੀਆਂ ਨੂੰ ਔਖੇ ਸਮੇਂ ਵਿਚ ਕਿਸੇ ਹੋਰ ਦਾ ਆਸਰਾ ਤੱਕਣ ਦੀ ਲੋੜ ਤੋਂ ਮੁਕਤ ਕਰਨਾ ਚਾਹੁੰਦੇ ਸਨ। ਆਤਮਕ, ਬੌਧਿਕ ਤੇ ਸਰੀਰਕ ਸ਼ਕਤੀਆਂ ਨੂੰ ਇੱਕ ਪੱਧਰ ਤੇ ਲਿਆ ਕੇ, ਇਕ ਦੂਜੇ ਦੀਆਂ ਪੂਰਕ ਬਣਾ ਕੇ, ਇੱਕ ਮੁਕੰਮਲ ਇਨਸਾਨ ਦੀ ਸਿਰਜਨਾ ਕਰਨੀ ਸੀ। ਇੰਨਾ ਮਹਾਨ ਆਦਰਸ਼ ਪੂਰਾ ਕਰਨ ਲਈ ਜੋ ਟ੍ਰੇਨਿੰਗ ਦਿੱਤੀ ਜਾਣੀ ਸੀ, ਉਸ ਦਾ ਸਿਲੇਬਸ ਵੀ ਤਾਂ ਉਸੇ ਪੱਧਰ ਦਾ ਮਹਾਨ, ਵਿਸ਼ਾਲ ਅਤੇ ਗੌਰਵ ਭਰਪੂਰ ਚਾਹੀਦਾ ਸੀ। ਸੰਨ 1672 ਈ: ਵਿੱਚ ਆਰੰਭ ਹੋਇਆ ਇਹ ਸਿਲੇਬਸ ਸੰਨ 1699 ਈ: ਦੇ ਆਰੰਭ ਤੱਕ ਸੰਪੂਰਣ ਹੋਇਆ। ਸੱਚੀ ਦਰਗਾਹ ਦੀ ਪਰੀਖਿਆ ਲਈ ਸਿੰਘ ਤਿਆਰ ਹੋ ਰਹੇ ਸਨ।


www.AKJ.Org

ਪਰੀਖਿਆ ਲਈ ਵਿਸਾਖੀ ਦਾ ਦਿਹਾੜਾ ਚੁਣਿਆ ਗਿਆ। ਸੀਸ ਭੇਟ ਕਰਨ ਵਾਲੇ ਨੇ ਪਾਸ ਹੋਣਾ ਸੀ। ਪੰਜ ਸਿੱਖ ਵਿਦਿਆਰਥੀ ਅਦੁੱਤੀ ਕੁਰਬਾਨੀ ਦੇ ਜਜ਼ਬੇ ਵਾਲੇ ਨਿੱਤਰੇ। ਪਰੀਖਿਆ ਕੇਂਦ੍ਰ ਵਿੱਚ ਹੋਰ ਵਿਦਿਆਰਥੀ ਵੀ ਇਸੇ ਮਨੋਰਥ ਲਈ ਬੈਠੇ ਸਨ। ਕੱਚੇ ਪਿੱਲੇ ਤਾਂ ਪਹਿਲੀ ਲਲਕਾਰ ਸੁਣਕੇ ਹੀ ਭੱਜ ਗਏ (Walkout) ਕਰ ਗਏ ਸਨ। ਆਰੰਭ ਵਿੱਚ ਗੁਰੂ ਜੀ ਨੂੰ ਪਹਿਲੇ ਸੀਸ ਤਲੀ ਤੇ ਰੱਖ ਕੇ ਆਉਣ ਵਾਲੇ ਪੰਜਾਂ ਦੀ ਹੀ ਲੋੜ ਸੀ। ਇਹ ਹੀ ਮੈਰਿਟ ਸੂਚੀ ਵਿੱਚ ਪ੍ਰਮੁੱਖ ਸਨ। ਖੰਡੇ ਦੀ ਪਾਹਲ ਰਾਹੀਂ ਇਨ੍ਹਾਂ ਨੂੰ ਖ਼ਾਲਸਾ ਪਦ ਪ੍ਰਦਾਨ ਕਰਕੇ ਦਾਤਾਰ ਪਿਤਾ ਨੇ ਆਪਣਾ ਬਣਾ ਲਿਆ, ਆਪਣਾ ਰੂਪ ਹੀ ਦੇ ਦਿੱਤਾ। ਪਿਛੋਂ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛਕ ਕੇ ਆਪਣਾ ਇਸ਼ਟ ਸੁਹਿਰਦ ਮੰਨਿਆ। ਆਪਣੀ ਸਿਰਜਣਾ ਨੂੰ ਆਪਣਾ ਗੁਰੂ ਕਹਿਣਾ, ਆਮ ਸਿੱਖ ਬਣਕੇ, ਅਵਸਰ ਆਉਣ ਤੇ ਆਪਣੀ ਪਰੀਖਿਆ ਦੇਣੀ। ਸੰਸਾਰ ਦੇ ਇਤਿਹਾਸ ਵਿੱਚ ਅਜਿਹੀ ਵਿਚਿਤ੍ਰ ਘਟਨਾ ਅਤੇ ਅਜਿਹਾ ਚੋਜੀ ਗੁਰੂ ਨਹੀਂ ਮਿਲਦਾ। ਪ੍ਰਸੰਸਾ ਲਈ ਕੋਈ ਸ਼ਬਦ ਨਹੀਂ। ਕੇਵਲ 'ਵਾਹੁ ਵਾਹੁ' ਹੀ ਆਖਿਆ ਜਾ ਸਕਦਾ ਹੈ। ਬਚਿਤ੍ਰ ਨਾਟਕ ਲਿਖਣ ਵਾਲੇ ਦੀ ਇਹ ਸਭ ਤੋਂ ਬਚਿਤ੍ਰ ਝਾਕੀ ਸੀ। ਅਸਚਰਜ ਕੌਤਕ ਸੀ। ਵਿਸਮਾਦੀ ਚੋਜ ਸੀ। ਗੁਰਬਾਣੀ ਵੀ ਤਾਂ ਇਹੋ ਸਿਧਾਂਤ ਸਪਸ਼ਟ ਕਰਦੀ ਹੈ। ਗੁਰੂ ਨੇ 'ਹਰਿ' ਦੇ ਭਗਤਾਂ ਨੂੰ ਸਦਾ ਉੱਚਾ ਦਰਜਾ ਦਿੱਤਾ ਹੈ।

ਮੇਰੀ ਬਾਧੀ ਭਗਤੁ ਛਡਾਵੈ
ਬਾਧੈ ਭਗਤੁ ਨ ਛੂਟੈ ਮੋਹਿ।। (੧੨੫੨)

ਸਿਖ ਇਤਿਹਾਸ ਵਿਚ ਅਨੇਕਾਂ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਦੇ ਬਚਨਾਂ ਨੂੰ ਗੁਰੂ ਨੇ ਕਦੇ ਵੀ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ। ਪ੍ਰੋ: ਪੂਰਨ ਸਿੰਘ ਦਾ ਕਥਨ ਹੈ :

ਭਾਰਤ ਵਿੱਚ ਖ਼ਾਲਸਾ ਪੰਥ ਦੀ ਸਿਰਜਨਾਂ ਗੁਰੂ ਨਾਨਕ ਜੀ ਦੀ ਪ੍ਰਤਿਭਾ ਸੀ ਅਤੇ ਇਹ ਉਨ੍ਹਾਂ ਦੇ ਸ਼ਬਦ ਦਾ ਸਾਖਿਆਤ ਲਿੱਪੀਗਤ ਸਰੂਪ ਹੈ ...... ਖ਼ਾਲਸੇ ਦੀ ਇਸ ਸਿਰਜਨਾਂ ਵਿੱਚ ਉਨ੍ਹਾਂ ਤੱਤਾਂ ਨੂੰ ਵਰਤਿਆ ਗਿਆ ਜਿਹੜੇ ਕਿ ਇਕ ਵਿਸ਼ਵ ਵਿਆਪੀ ਕੌਮ ਦੀ ਸਿਰਜਨਾਂ ਲਈ ਜ਼ਰੂਰੀ ਸਨ। ਖ਼ਾਲਸੇ ਦੇ ਸਰੂਪ ਵਿਚ ਆਪਦਾ ਵਿਸ਼ਵ ਵਿਆਪੀ ਮਹਾਂ ਮਾਨਵ ਪ੍ਰਗਟ ਹੁੰਦਾ ਹੈ ਜੋ ਅਨੰਤ ਦੀ ਸ਼ਾਨ ਤੇ ਸ਼ਕਤੀ ਵਿਚ ਮਖ਼ਮੂਰ ਹੈ।.......ਖ਼ਾਲਸਾ ਦੇ ਸਰੂਪ ਵਿੱਚ ਭੂਤ ਤੇ ਭਵਿੱਖ ਦੇ ਆਤਮਿਕ ਤੌਰ ਤੇ ਜੀਵਿਤ ਮਨੁੱਖ ਦੇ ਸਾਰੇ ਚਿੰਨ੍ਹ ਤੇ ਗੁਣ ਮੌਜੂਦ ਹਨ। ਇਸੇ ਲਈ ਇਹ ਇਕ ਨਵੀਂ ਸਿਰਜਣਾ ਸੀ। (ਦਸ ਗੁਰ ਦਰਸ਼ਨ)

ਪੰਚ ਭੌਤਿਕ ਸਰੂਪ ਵਿਚ ਆਪ ਨੇ ਕੇਵਲ ੪੨ ਵਰ੍ਹੇ ਇਸ ਸੰਸਾਰ ਵਿਚ ਵਿਚਰੇ ਪਰ ਖ਼ਾਲਸੇ ਦੇ ਸਰੂਪ ਵਿਚ ਆਪਦਾ ਸਰਗੁਣ ਰੂਪ ਸਦਾ ਸਦ ਕਾਇਮ ਹੈ। ਕੇਵਲ ੪੨ ਵਰ੍ਹਿਆਂ ਵਿੱਚ ਉਹ ਇਤਿਹਾਸ ਰਿਜਿਆ ਜਿਸਨੇ ਖ਼ਾਲਸੇ ਨੂੰ ਸਦਾ ਸ਼ਕਤੀ, ਰੂਹਾਨੀਅਤ, ਪਵਿਤ੍ਰਤਾ, ਨਿਸ਼ਕਾਮਤਾ, ਨਿਰਵੈਰਤਾ, ਨਿਰਭੈਤਾ ਤੇ ਚੜ੍ਹਦੀ ਕਲਾ ਪ੍ਰਦਾਨ ਕਰਨੀ ਜਾਰੀ ਰੱਖੀ। ਤਲਵਾਰ ਦਾ ਟਾਕਰਾ ਤਲਵਾਰ ਨਾਲ ਕੀਤਾ। ਸਵਾਰਥ ਤੋਂ ਉੱਚਾ ਉੱਠ ਕੇ ਲੜਾਈਆਂ ਲੜੀਆਂ। ਤਲਵਾਰ ਹਮੇਸ਼ਾ ਪਰਉਪਕਾਰ ਲਈ ਉਠਾਈ, ਉਹ ਵੀ ਉਸ ਸਮੇਂ ਜਦੋਂ ਹੋਰ ਸਾਰੇ ਹੀਲੇ ਵਿਅਰਥ ਸਾਬਤ ਹੋਏ :

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲਸਤ ਬੁਰਦਨ ਬ ਸ਼ਮਸ਼ੀਰ ਦਸਤ।

ਪ੍ਰਭੂ ਚਰਨਾਂ ਨਾਲ ਪ੍ਰੀਤ ਸਦਾ ਕਾਇਮ ਰੱਖੀ। ਪ੍ਰਭੂ ਜੋਤ ਕਦੇ ਅਖੋਂ ਉਹਲੇ ਨਾ ਹੋਈ। ਬੀਰਤਾ, ਕੁਰਬਾਨੀ, ਪ੍ਰੇਮ, ਪ੍ਰਭੂ ਜੋਤ ਨਾਲ ਅਭੇਦਤਾ, ਸਫਲ ਗ੍ਰਿਹਸਤੀ ਜੀਵਨ, ਸਾਹਿਬਜ਼ਾਦਿਆਂ ਦੇ ਪਾਲਣ ਪੋਸ਼ਣ ਵਿਚ ਨਿਪੁੰਨਤਾ, ਪਰ ਮੋਹ ਦੀਆਂ ਤੰਦਾ ਵਿਚ ਉਲਝੇ ਨਹੀਂ। ਬੱਚੇ ਵੀ ਪ੍ਰਭੂ ਦੀ ਅਮਾਨਤ ਸਮਝੇ। ਸ਼ਹਾਦਤ ਨੇ ਰੋਸ ਨਹੀਂ ਉਪਜਾਇਆ। "ਜਿਸ ਕੀ ਬਸਤੁ ਤਿਸੁ ਆਗੈ ਰਾਖੈ" ਵਾਲੀ ਭਾਵਨਾ ਪ੍ਰਗਟਾਈ।

ਇੰਨੇ ਗੰਭੀਰ ਤੇ ਮਹਾਨ ਕੰਮ ਕਰਦਿਆਂ ਆਪ ਵਿਚ ਹਾਸਰਸੀ ਬਿਰਤੀ ਦੀ ਵੀ ਕੋਈ ਘਾਟ ਨਹੀਂ ਸੀ। ਕਦੇ ਖੋਤੇ ਨੂੰ ਸ਼ੇਰ ਦੀ ਖੱਲ ਪੁਆਕੇ ਸਿਖਾਂ ਦੀ ਪਰੀਖਿਆ ਲਈ। ਕਦੇ ਕੜਾਹ ਪ੍ਰਸ਼ਾਦ ਦੀ ਲੁੱਟ ਮਚਾਈ। ਕਦੇ ਕੁੱਤਿਆਂ ਦੇ ਖਾਣ ਲਈ ਪੁਲਾਉ ਦੇ ਢੇਰ ਲੁਆ ਦਿੱਤੇ। ਇਨ੍ਹਾਂ ਸਾਰੀਆਂ ਕ੍ਰਿਆਵਾਂ ਦੇ ਪਿੱਛੇ ਵੀ ਕੋਈ ਰਹੱਸਯ ਹੁੰਦਾ ਸੀ। ਜਿਸਦਾ ਪਤਾ ਲੱਗਣ ਤੇ ਹੈਰਾਨੀ ਦਾ ਮੰਡਲ ਛਾ ਜਾਂਦਾ ਸੀ। ਅਗੰਮ ਨਾਲ ਜੁੜੇ ਮਰਦ ਅਗੰਮੜੇ ਦੀਆਂ ਰਮਜ਼ਾਂ ਕੌਣ ਜਾਣੇ।

ਇੱਕ ਇੱਕ ਨੂੰ ਸਵਾ ਸਵਾ ਲੱਖ ਨਾਲ ਲੜਨ ਦੀ ਸਮਰਥਾ ਪ੍ਰਦਾਨ ਕਰਨੀ, ਚਿੜੀਆਂ ਕੋਲੋਂ ਬਾਜ਼ ਤੁੜਵਾਉਣੇ, ਨਿਮਾਣਿਆਂ ਨਿਤਾਣਿਆਂ ਨੂੰ ਸ਼ੇਰ ਬਣਾ ਵਿਖਾਉਣਾ, ਕਮਜ਼ੋਰ ਸਰੀਰਾਂ ਵਿਚ ਅਥਾਹ ਬਲ ਭਰਕੇ ਮਸਤ ਹਾਥੀਆਂ ਦਾ ਟਾਕਰਾ ਕਰਨ ਦੇ ਯੋਗ ਬਣਾਉਣਾ ਆਪਦਾ ਹੀ ਕੰਮ ਸੀ। ਆਪ ਮਹਾਨ ਯੋਧੇ ਸਨ ਇਸੇ ਲਈ ਜੁਝਾਰੂ ਖ਼ਾਲਸਾ ਦੀ ਸਿਰਜਣਾ ਕੀਤੀ। ਧਨੁਖ ਵਿਦਿਆ ਤੇ ਤੀਰ ਅੰਦਾਜ਼ੀ ਵਿਚ ਆਪਦਾ ਟਾਕਰਾ ਕੋਈ ਨਹੀਂ ਸੀ ਕਰ ਸਕਦਾ।

ਗ੍ਰਿਹਸਤ ਜੀਵਨ ਵੀ ਆਪਦਾ ਕਮਾਲ ਦਾ ਸੀ।


www.AKJ.Org

ਮਾਤਾ ਪਿਤਾ ਦਾ ਪੂਰਾ ਸਤਿਕਾਰ ਕਰਨ ਵਾਲੇ ਆਗਿਆਕਾਰ ਪੁੱਤਰ ਅਤੇ ਪ੍ਰੇਮ-ਮੂਰਤ ਪਤੀ ਸਨ। ਬੱਚਿਆਂ ਦੀ ਪਾਲਣਾ ਪੂਰੀ ਤਨਦੇਹੀ ਨਾਲ ਕੀਤੀ। ਸ਼ਹਾਦਤ ਦਾ ਜਾਮ ਪੀਣ ਲਈ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਿਆਰ ਕੀਤਾ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਗ੍ਰਿਹਸਤ ਆਸ਼ਰਮ ਦੇ ਨਿਰਬਾਹ ਵਿਚ ਗੁਰੂ ਜੀ ਨੇ ਗੁਰਤਾ, ਅਵਤਾਰਤਾ, ਸੁਧਾਰ ਕਰਤੱਵਤਾ, ਜੋਧਾਪਨ, ਨੀਤੀ, ਵਿਦਵਤਾ, ਪੰਡਿਤਾਈ ਆਦਿ ਨੂੰ ਦਾਗ਼ ਨਹੀਂ ਆਉਣ ਦਿੱਤਾ। .......ਗ੍ਰਿਹਸਤੀ ਹੋਣਾ ਪਰ ਗ੍ਰਿਹਸਤ ਦੇ ਬਾਣਾਂ ਦੀ ਚੋਭ ਨਾ ਖਾਣੀ, 'ਇਹ ਪਰਵਾਣ ਗ੍ਰਿਹਸਤ ਉਦਾਸ' ਸਤਿਗੁਰੂ ਨੇ ਵਰਤਕੇ ਵਿਖਾਇਆ।

ਆਪ ਜੀ ਦੀ ਸ਼ਖ਼ਸ਼ੀਅਤ ਸਰਵ ਪੱਖੀ ਸੀ। ਇੰਨੇ ਮਹਾਨ ਕਰਤੱਵ ਨਿਭਾਉਂਦਿਆਂ ਹੋਇਆਂ ਅਤੇ ਜ਼ਾਲਮ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਉਖੇੜਣ ਦਾ ਕਾਰਜ ਨਿਰਵਿਘਨਤਾ ਨਾਲ ਜਾਰੀ ਰੱਖਦਿਆਂ ਹੋਇਆਂ ਵੀ ਕਾਵਿ ਰਚਨਾ ਵਿਚ ਪ੍ਰਵੀਣਤਾ ਵਿਖਾਉਣੀ। ਕਵੀਆਂ ਦੀ ਕਦਰ ਕਰਨੀ। ਹੋਰ ਭਾਸ਼ਾਵਾਂ ਦੇ ਪ੍ਰਮਾਣਿਕ ਸਾਹਿਤ ਦੇ ਉਲਥੇ ਕਰਵਾਉਣੇ, ੫੨ ਕਵੀਆਂ ਨੂੰ ਆਪਣੀ ਸਰਪ੍ਰਸਤੀ ਹੇਠ ਪ੍ਰੇਰਣਾ ਦੇ ਕੇ ਮੌਲਿਕ ਕਾਵਿ-ਰਚਨਾ ਵੀ ਕਰਵਾਉਣੀ ਆਪ ਜੀ ਦੀ ਅਗੰਮੀ ਸ਼ਕਤੀ ਨਾਲ ਹੀ ਸੰਭਵ ਹੋ ਸਕਦਾ ਸੀ। (ਵਾਹਿਗੁਰੂ ਦਾ ਭਾਣਾ : ਮਣਾਂ ਮੂੰਹੀਂ ਰਚੇ ਗਏ ਇਸ ਸਾਹਿਤ ਦਾ ਵਡੇਰਾ ਭਾਗ ਸਰਸਾ ਨਦੀ ਨੇ ਨਿਗਲ ਲਿਆ)

ਆਪ ਦੀ ਆਪਣੀ ਰਚਨਾ ਵਧੇਰੇ ਕਰਕੇ ਬ੍ਰਜ ਭਾਸ਼ਾ ਵਿਚ ਹੈ। ਫ਼ਾਰਸੀ ਵਿੱਚ ਆਪਦੀ ਕਾਵਿ-ਕੌਸ਼ਲਤਾ ਦਾ ਪ੍ਰਮਾਣ ਜ਼ਫ਼ਰਨਾਮਾ ਹੈ। ਖ਼ਾਲਸੇ ਨੂੰ ਚੜ੍ਹਦੀ ਕਲਾ ਦਾ
ਸ ਬ ਕ
ਸਿਖਾਇਆ ਸੀ, ਤਾਂ ਆਪ ਜੀ ਨੇ ਸੰਸਾਰਕ ਦ੍ਰਿਸ਼ਟੀ ਤੋਂ ਸਭ ਕੁਝ ਗੁਆ ਕੇ ਵੀ ਜੋ ਚਿੱਠੀ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਲਿਖੀ, ਉਸਦਾ ਸਿਰਲੇਖ ਜ਼ਫ਼ਰਨਾਮਾ ਰਖਿਆ, ਭਾਵ ਹੈ ਫ਼ਤਹ ਨਾਮਾ। ਹਾਰੇ ਹੋਏ ਸਿਪਾਹੀ ਵਾਂਗ ਨਹੀਂ, ਜਿੱਤੇ ਹੋਏ ਜਰਨੈਲ ਵਾਂਗ ਔਰੰਗਜ਼ੇਬ ਨੂੰ ਵੰਗਾਰਿਆ। ਖ਼ਾਲਸੇ ਨੂੰ ਕਿੰਨਾ ਮਾਣ ਬਖ਼ਸ਼ਿਆ ਅਤੇ ਉਸਦੀ ਸ਼ਕਤੀ ਦਾ ਕਿੰਨੇ ਭਰੋਸੇ ਨਾਲ ਜ਼ਿਕਰ ਕੀਤਾ। ਆਪਨੇ ਲਿਖਿਆ :

ਚਿਹ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾਂ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ।

ਔਰੰਗਜ਼ੇਬ ਨੂੰ ਇਹ ਵੱਡੀ ਚੇਤਾਵਨੀ ਸੀ। ਆਪ ਜੀ ਨੇ ਸਾਵਧਾਨ ਕਰਾਉਂਦਿਆਂ ਅਹਿਸਾਸ ਕਰਾਇਆ ਕਿ ਮੇਰਾ ਸਾਰਾ ਸਰਬੰਸ ਸ਼ਹੀਦ ਹੋ ਜਾਵੇ, ਮੈਂ ਸਰੀਰ ਤਿਆਗ ਦਿਆਂ ਤਾਂ ਵੀ ਖ਼ਾਲਸਾ ਕੁੰਡਲੀਆ ਸੱਪ ਬਣਕੇ ਫੁੰਕਾਰਦਾ ਰਹੇਗਾ।

ਅਗੰਮ ਵਿੱਚ ਅਭੇਦ ਹੋਣ ਤੋਂ ਪਹਿਲਾਂ ਇਸ ਚੋਜੀ ਪ੍ਰੀਤਮ ਨੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ▪▪▪▪▪

(ਪੰਨਾ ੨ ਦਾ ਬਾਕੀ ...)
ਭਗਤੀਆਂ ਨੂੰ ਭਗਤਿ ਪਾਉਣ (ਰਾਸ ਪਾਉਣ) ਦਾ ਮਾਣ ਸੀ। ਇਕ ਐਸੇ ਡਿਭੰਧਾਰੀ ਮੂਰਖ ਪਾਖੰਡੀ ਭੀ ਹਨ ਜੋ ਅੰਨ ਨਹੀਂ ਖਾਂਦੇ, ਤਿਨਾਂ ਦਾ ਕੁਛ ਭੀ ਨਹੀਂ ਬਣਦਾ। ਤਿਨ੍ਹਾਂ ਦੀ ਅਕਲ ਨੂੰ ਕੀ ਕਹਿਏ। ਉਹਨਾਂ ਦੇ ਉਭਰਨ ਦਾ ਚਾਰਾ ਕੁਛ ਹੋ ਹੀ ਨਹੀਂ ਸਕਦਾ, '*ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ।।*" ਐਸੇ ਲੋਗ ਅੰਨ ਛਡ ਕੇ ਕੇਵਲ ਪਾਖੰਡ ਕਰਦੇ ਹਨ ਅਤੇ ਲੋਕਾਂ ਤੋਂ ਟਕੇ ਬਟੋਰਦੇ ਹਨ।

ਦਰ ਅਸਲ ਇਹ ਪਾਖੰਡ ਕਰਦੇ ਹਨ, ਰੱਬ ਰੀਝਾਉਣ ਲਈ ਨਹੀਂ ਰੱਬ ਐਸੇ ਪਾਖੰਡ-ਕਰਮੀਆਂ ਤੇ ਰੀਝਦਾ ਹੀ ਨਹੀਂ। ਨਾ ਹੀ ਅਜਿਹੇ ਪਾਖੰਡ-ਕਰਮਾਂ ਤੇ ਪਤੀਜਦਾ ਹੈ। ਅਣਭੋਲ ਲੋਕ ਪਤੀਜ ਜਾਂਦੇ ਹਨ। ਤਿਨ੍ਹਾਂ ਨੂੰ ਹੀ ਪਤੀਆਉਣ ਖ਼ਾਤਰ ਅਜਿਹੇ ਡਿੰਭ ਰਚੇ ਜਾਂਦੇ ਹਨ। ਜਿਸ ਮਾਇਆ ਦੀ ਤ੍ਰਿਸ਼ਨਾ ਲਈ ਅਜਿਹੇ ਡਿੰਭ ਰਚੇ ਜਾਂਦੇ ਹਨ ਤਿਨ੍ਹਾਂ ਕਰਕੇ ਤ੍ਰਿਸ਼ਨਾ ਉਹਨਾਂ ਦੀ ਫੇਰ ਭੀ ਨਹੀਂ ਮਿਟਦੀ, ਸਗੋਂ ਹੋਰ ਵਧੇਰੀ ਵਧ ਜਾਂਦੀ ਹੈ। ਧੀਰਜ ਸਬਰ ਸ਼ਾਂਤੀ ਕਦੇ ਅਤੇ ਕਿਵੇਂ ਭੀ ਨਹੀਂ ਆਉਂਦੀ। ਅਜਿਹੇ ਆਨਮਤ ਪਾਖੰਡ-ਕਰਮ ਪਾਖੰਡੀਆਂ ਦੇ ਵਧਦੇ ਹੀ ਜਾਂਦੇ ਹਨ। ਅਤੇ ਅਜਿਹੇ ਕਰਮ ਕਰਿ ਕਰਿ ਲੋਆਂ ਦੇ ਲੋਅ ਖਪਿ ਖਪਿ ਮਰੀ ਜਾਂਦੇ ਹਨ। ਏਹਨਾਂ ਉਪਰ ਵਿਦਤਾਏ ਆਨਮਤ ਪਾਖੰਡ ਕਰਮਾਂ ਦੇ ਕਰਨ ਦਾ ਕੁਛ ਭੀ ਲਾਭ ਨਹੀਂ। ਲਾਭ ਲਾਹਾ ਹੈ ਤਾਂ ਇਕੋ ਗੁਰਮਤਿ ਸਿਫਤਿ ਸਾਲਾਹ ਰੂਪੀ ਕਰਮ ਕਰਨ ਵਿਚਿ ਹੈ। ਇਸ ਸਿਫਤਿ ਸਾਲਾਹੀ ਨਾਮ ਅਭਿਆਸ ਦੇ ਸੱਚੇ ਲਾਹੇ ਨਾਲਿ ਹੀ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ। ਹੋਰ ਆਨਮਤ ਕਰਮ ਸਭਿ ਵਿਖ ਰੂਪ ਹਨ। ਇਹੀ ਇਕੋ ਸੱਚੜਾ ਕਰਮ ਨਾਮ ਸਿਫਤਿ ਸਾਲਾਹ ਦਾ ਲਾਹਾ ਹੀ ਅੰਮ੍ਰਿਤ ਰੂਪ ਹੈ। ਜਿਸ ਕਿਸੇ ਨੇ ਭੀ ਸੰਸਾਰ ਵਿਖੇ ਨਾਮ ਦਾ ਲਾਹਾ ਲੈਣਾ ਹੋਵੇ ਤਾਂ ਗੁਰੂ ਘਰ ਵਿਖੇ ਆ ਕੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕੇ ਅਤੇ ਸੱਚੀ ਗੁਰਦੀਖਿਆ ਨਾਮ ਦੀ ਲਵੇ। ਇਉਂ ਪ੍ਰੇਮ-ਕਮਾਈਆਂ ਕਰਿ ਕਰਿ ਵਾਹਿਗੁਰੂ ਦੀ ਭਗਤੀ ਦੇ ਸ਼ਰਧਾ ਪੂਰਤ ਸੱਚੇ ਆਤਨੇਹ ਵਿਖੇ ਘੁਲਿ ਮਿਲ ਥਿਰ ਹੋ ਜਾਵੇ। ਇਹੀ ਗੁਰਮੁਖ ਜਨਾਂ ਦੀ ਸੱਚੀ ਕਾਰ ਹੈ। •••


www.AKJ.Org

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

(ਪ੍ਰਿੰ: ਸੱਜਣ ਸਿੰਘ ਜੀ)

ਗੁਰੂ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਾਵਨ ਸ਼ਖਸੀਅਤ ਦਾ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਅੰਗ ਉਨ੍ਹਾਂ ਦੇ ਅਨੰਤ ਦੈਵੀ ਗੁਣਾਂ ਦਾ ਸੁੰਦਰ ਸੁਮੇਲ ਹੈ। ਉਂਜ ਤਾਂ ਹਰੇਕ ਨਿਰਪੱਖ ਵਿੱਦਵਾਨ ਆਪ ਜੀ ਦੀਆਂ ਸ੍ਰੇਸ਼ਟ ਖੂਬੀਆਂ ਤੋਂ ਪ੍ਰਭਾਵਤ ਹੈ ਪਰ ਗੁਰਸਿਖਾਂ ਦੀ ਕਲਮ, ਖਾਸ ਕਰਕੇ, ਆਪ ਦੀ ਉੱਚਤਾ ਨੂੰ ਬਿਆਨ ਕਰਦੀ ਨਾ ਥੱਕਦੀ ਹੈ, ਨ ਅੱਕਦੀ ਤੇ ਸਦਾ ਅਤ੍ਰਿਪਤ ਰਹਿੰਦੀ ਹੈ। ਸਤਿਗੁਰੂ ਦੇ ਮਿਕਨਾਤੀਸੀ ਗੁਣਾਂ ਦੀ ਆਕਰਸ਼ਣ ਸ਼ਕਤੀ ਅਤੀ ਬਲਵਾਨ ਹੈ ਤੇ ਗੁਰ ਸਿੱਖ ਦਾ ਭਉਭਾਵਨੀ ਵਾਲਾ ਹਿਰਦਾ ਆਪ ਮੁਹਾਰੇ ਖਿੱਚਿਆ ਜਾਂਦਾ ਹੈ। ਏਸੇ ਕਾਰਣ ਹੀ :-

**"ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ।।"**

ਸੰਸਾਰ ਵਿੱਚ ਜਿਹੜੇ ਰਾਜੇ ਹਨ, ਉਨ੍ਹਾਂ ਅੰਦਰ ਕੇਵਲ ਰਾਜ ਕਰਨ, ਮਾਇਆ ਸੰਚਣ ਤੇ ਮਨ ਆਈ ਕਰਨ ਦੀ ਹੱਵਸ ਹੈ, ਤਿਆਗ ਦੀ ਭਾਵਨ ਬਿਲਕੁਲ ਨਹੀਂ। ਜਿਹੜੇ ਫਕੀਰ ਹਨ, ਉਹ ਕੇਵਲ ਤਿਆਗੀ ਹਨ, ਉਨ੍ਹਾਂ ਕੋਲ ਰਾਜੇ ਦੇ ਕਰੋਪੀ ਦੇ ਸ਼ਿਕਾਰ ਹੋਏ ਦਾ ਕੋਈ ਇਲਾਜ ਨਹੀਂ। ਦੂਸਰੇ ਸ਼ਬਦਾਂ ਵਿੱਚ ਫਕੀਰੀ ਰੁੱਚੀ ਤੋਂ ਸੱਖਣਾ ਬਾਦਸ਼ਾਹ ਅਤਿਆਚਾਰ ਕਰਨ ਤੋਂ ਸਕੁੰਚਦਾ ਨਹੀਂ ਤੇ ਸ਼ਕਤੀਹੀਨ ਫਕੀਰ ਇੱਕ ਮਜ਼ਲੂਮ ਦੀ ਰੱਖਿਆ ਕਰਨ ਦੇ ਅਸਮਰਥ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਦੇ ਪੀਰਾਂ ਫਕੀਰਾਂ ਨੇ ਆਪਣੀ ਸ਼ਕਤੀ ਦੁਆਰਾ ਮੁਗਲਾਂ ਦੇ ਹਮਲੇ ਨੂੰ ਰੋਕਣ ਦਾ ਜਤਨ ਕੀਤਾ ਪਰ ਉਨ੍ਹਾਂ ਦਾ ਇਹ ਉਪਰਾਲਾ ਅਸਫਲ ਸ਼ਿੱਧ ਹੋਇਆ। ਨਤੀਜੇ ਵਜੋਂ ਬਾਬਰ ਬਾਦਸ਼ਾਹ ਦਾ ਕ੍ਰੋਧ ਫਕੀਰਾਂ ਦੇ ਵਰਗ ਉੱਤੇ ਪੈ ਗਿਆ। ਗੁਰਦੇਵ ਜੀ ਕਾਮਲ ਫਕੀਰ ਸਨ, ਰੂਹਾਨੀਅਤ ਦੇ ਬਾਦਸ਼ਾਹ ਸਨ, ਕ੍ਰਿਪਾ ਦੇ ਸਾਗਰ ਸਨ, ਆਪ ਜੀ ਨੇ ਰਾਜਿਆਂ ਵਾਂਗਰ ਜੁੱਧ ਨਹੀਂ ਕੀਤਾ ਪਰ ਸਾਰੇ ਬੰਦੀ ਪਏ ਪੀਰਾਂ ਨੂੰ ਮੁਕਤ ਕਰਾ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਆਦਰਸ਼ਕ ਮੀਰ ਤੇ ਪੀਰ ਸਨ ਜਿਨ੍ਹਾਂ ਨੇ ਆਪਣੀ ਮੀਰਾਂ ਦੀ ਮੀਰੀ ਤੇ ਪੀਰਾਂ ਦੀ ਪੀਰੀ ਖਿੱਚ ਲਈ। ਇੱਕ ਪਾਸੇ ਮਜ਼ਲੂਮਾਂ ਦੀ ਰੱਖਿਆ ਲਈ ਜ਼ਾਲਮ ਨੂੰ ਸੋਧਿਆ, ਦੂਜੇ ਪਾਸੇ ਪੀਰੀ ਵਸਫ ਨਾਲ ਨਾ ਕੇਵਲ ਆਪ ਗਵਾਲੀਅਰ ਦੇ ਕਿਲੇ ਤੋਂ ਬਾਹਰ ਆਏ, ਬਲਕਿ ੫੨ ਰਾਜਿਆਂ ਨੂੰ ਬੰਦੀ ਤੋਂ ਛੁਟਕਾਰਾ ਦਿਲਵਾਇਆ।

ਪੋਤਿਆਂ ਨੇ ਦਾਦਿਆਂ ਦੀ ਲੀਹਾਂ ਤੇ ਚੱਲਣ ਦੀ ਪਰੰਪਰਾ ਨੂੰ ਸਹੀ ਮਹਿਨਿਆਂ ਵਿੱਚ ਕਾਇਮ ਰੱਖਿਆ। ਸਤਿਗੁਰੂ ਤੇਗ ਬਹਾਦਰ ਜੀ ਨੇ ਤਿਲਕ, ਜੰਞੂ ਤੇ ਹੋਰ ਧਾਰਮਿਕ ਹੱਕਾ ਦੀ ਖਾਤਰ, ਅਹਿੰਸਾਵਾਦ ਦੀ ਹੱਦ ਅੰਦਰ ਰਹਿ ਕੇ ਅਪਣਾ ਬਲਿਦਾਨ ਦਿੱਤਾ ਤੇ ਦਸਮੇਸ਼ ਪਿਤਾ ਨੇ ਸ਼ਾਹਾਨਾ ਠਾਠ ਬਾਠ ਧਾਰਨ ਕਰਕੇ ਪੇਚੀਦਾਹ ਮਾਰ ਅਰਥਾਤ ਖਾਲਸਾ ਤੇ ਭੁਜੰਗੀ ਜਥਾ ਦੀ ਸਿਰਜਨਾ ਕੀਤੀ ਤੇ ਅਤਿਆਚਾਰੀ ਮੁਗਲ ਹਕੂਮਤ ਦੀ ਪੱਥਰੀਲੀ ਚੱਟਾਨ ਨੂੰ ਟੁੱਕੜੇ ਟੁੱਕੜੇ ਕਰਨ ਦੀ ਬੁਨਿਆਦ ਰੱਖੀ। ਗੁਰਬਾਣੀ ਅਨੁਸਾਰ ਜਿਸ ਦਾ ਸਾਹਿਬ ਹੀ ਨੰਗਾ ਭੁੱਖਾ ਹੋਵੇ ਉਸ ਦਾ ਨਫਰ ਕਿੱਥਹੁ ਰੱਜ ਕੇ ਖਾ ਸਕਦਾ ਹੈ। ਕੋਈ ਪੀਰ ਫਕੀਰਆਪਣੇ ਸੇਵਕਾਂ ਨੂੰ ਉਹੀ ਕੁਛ ਦੇ ਸਕਦਾ ਹੈ ਜੋ ਕਿੱਛ ਉਸ ਦੇ ਪਾਸ ਹੋਵੇ। ਆਪ ਸਤਿਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਅਤੁੱਟ ਖਜ਼ਾਨਿਆ ਤੇ ਰਹਿਮਤਾਂ ਦੇ ਮਾਲਕ ਸਨ। ਆਪ ਜੀ ਦੀਆਂ ਬਖਸ਼ਸ਼ਾਂ ਵੀ ਕਈ ਪਰਕਾਰ ਦੀਆਂ ਸਨ। ਕੋਈ ਸਮੱਸਿਆ ਐਸੀ ਨਹੀਂ ਸੀ, ਜਿਸ ਦਾ ਹਲ ਆਪ ਜੀ ਦੇ ਪਾਸ ਨ ਹੋਵੇ। ਕੋਈ ਉਲਝਣ ਐਸੀ ਨਹੀਂ ਸੀ, ਜਿਹੜੀ ਆਪ ਦੁਆਰਾ ਨਾ ਸੁਲਝੀ ਹੋਵੇ। ਹਰੇਕ ਕਾਰਜ ਨੂੰ ਸਿਰੇ ਚੜ੍ਹਾਉਣ ਦੀ ਸਮਰਥਾ ਦੇ ਆਪ ਮਾਲਕ ਸਨ। ਹਕੂਮਤ ਦੀਆਂ ਵਧੀਕੀਆਂ ਤੋਂ ਤੰਗ ਆਇਆਂ ਨੂੰ ਆਪ ਜੀ ਦੇ ਦਰਬਾਰ ਵਿਚ ਪਨਾਹ ਮਿਲਦੀ ਸੀ। ਜਿਨ੍ਹਾਂ ਗਰੀਬਾਂ ਅਨਾਥਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ, ਆਪ ਉਨ੍ਹਾਂ ਦੇ ਸੱਚੇ, ਮਿੱਤਰ, ਯਾਰ ਤੇ ਸਨੇਹੀ ਸਨ। ਭਾਈ ਨੰਦ ਲਾਲ ਵੀ ਇਨ੍ਹਾਂ ਵਿਚੋਂ ਇੱਕ ਸੀ ਜਿਸ ਨੂੰ ਮੁਗਲ ਦਰਬਾਰ ਤੋਂ ਜਾਨ ਬਚਾਉਣ ਲਈ ਨੱਸਣਾ ਪਿਆ। ਭਾਈ ਸਾਹਿਬ ਦੀ ਇਹ ਲਿਖਤ ਉਨ੍ਹਾਂ ਉੱਤੇ ਵੀ ਲਾਗੂ ਹੁੰਦੀ ਹੈ।

ਕਾਦਰੇ ਹਰ ਕਾਰ ਗੁਰ ਗੋਬਿੰਦ ਸਿੰਘ।।
ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ।।

ਸਾਰੇ ਪਰੀਵਾਰ ਨੂੰ ਦੇਸ਼ ਉੱਤੇ ਕੁਰਬਾਨ ਕਰਨਾ ਦ੍ਰਿਸ਼ਟਾਉਂਦਾ ਹੈ ਕਿ ਅਭਾਗੀ ਮਾਤਾ ਨੂੰ ਨਿਰਦਈ ਹਕੂਮਤ ਤੋਂ ਅਜ਼ਾਦ ਕਰਾਉਣ ਦੀ ਕਿੰਨੀ ਤਮੰਨਾ ਸੀ। ਉੱਚ ਜਾਤੀ ਵਾਲੇ ਤੇ ਰਿਆਸਤ ਦੇ ਰਾਜਿਆਂ ਦੀ ਵਿਰੋਧਤਾ ਹੁੰਦਿਆਂ ਵੀ ਆਪ ਨੇ ਟੱਕਰ ਲੈਣ ਦਾ ਫੈਸਲਾ ਕੀਤਾ। ਬੁਜ਼ਦਿਲ ਤੇ ਨਿਰਬਲਾਂ ਦੇ ਕੁਮਲਾਏ ਹੋਏ ਮਨਾਂ ਤੇ ਸ਼ਕਤੀ ਤੇ ਭਗਤੀ ਦਾ ਐਸਾ ਰੰਗਣ ਚਾੜਿਆ ਕਿ ਵੈਰੀ ਦੰਗ ਰਹਿ


www.AKJ.Org

ਗਏ। ਆਪ ਜੀ ਦੇ ਥਾਪੜੇ ਦੀ ਜਾਦੂ ਭਰੀ ਸ਼ਕਤੀ ਤੋਂ ਕਿਹੜਾ ਜਾਣੂ ਨਹੀਂ। ਦਿਆਲੂ ਤੇ ਕਦਰਦਾਨ ਏਨੇ ਸਨ ਕਿ ਜਦ ਕਵੀਆਂ ਦੀ ਕਵਿਤਾ ਤੇ ਤੁਠਦੇ ਤਾਂ ਉਨ੍ਹਾਂ ਨੂੰ ਨਿਹਾਲ ਕਰ ਦੇਂਦੇ। ਭਾਈ ਨੰਦ ਲਾਲ ਲਿਖਦੇ ਹਨ :- *ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ।।* ਅਰਥਾਤ ਆਪ ਬਖਸ਼ਸ਼ ਦੇ ਐਸੇ ਬੱਦਲ ਸਨ, ਜਿੱਥੇ ਵਰ੍ਹਦੇ ਉੱਥੇ ਕੱਲਰ ਧਰਤੀ ਨੂੰ ਵੀ ਉਪਜਾਊ ਬਣਾ ਦੇਂਦੇ। ਲੋਕ, ਪਰਲੋਕ ਦੋਨੋ ਹੀ ਆਪ ਤੋਂ ਵਾਰੀ ਜਾਂਦੇ ਸਨ। ਆਪ ਜੀ ਦੇ ਤੀਰ ਦੀ ਨੋਕ ਤੇ ਸੋਨਾ ਲੱਗਾ ਹੁੰਦਾ ਸੀ ਜਿਹੜਾ ਵੈਰੀ ਦੀ ਮੌਤ ਬਾਅਦ ਕਫਨ ਖਰੀਦਣ ਲਈ ਕਾਫੀ ਸੀ।

ਆਪ ਜੀ ਦੀ ਪ੍ਰੰਸਨਤਾ ਦੇ ਪਾਤਰ ਅਲੱਗ-ਅਲੱਗ ਸ਼੍ਰੇਣੀ ਦੇ ਸਨ, ਇਸ ਕਰਕੇ ਪ੍ਰਸੰਨਤਾ ਦੇ ਰੂਪ ਵੀ ਮੁਖਤਲਿਫ ਰੰਗਾਂ ਦੇ ਸਨ। ਜਿਸ ਨੂੰ ਹੱਕ ਪਛਾਨਣ ਦੀ ਚਾਹ ਸੀ, ਉਸ ਨੂੰ ਨੇਤਰ ਬਖਸ਼ੇ, ਜਿਸ ਨੂੰ ਉਸਤਤਿ ਕਰਨ ਦਾ ਸ਼ੌਕ ਸੀ, ਉਸ ਨੂੰ ਕਲਮ ਦੀ ਕਰਾਮਾਤ ਬਖਸ਼ੀ। ਜਿਸ ਦੇ ਹੱਥ ਤਲਵਾਰ ਫੜਾਈ, ਉਸ ਜੰਗ ਵਿੱਚ ਆਹੂ ਲਾਹ ਦਿਤੇ ਤੇ ਜਿਸ ਦਾ ਹਿਰਦਾ ਅਣਿਆਲੇ ਤੀਰ ਨਾਲ ਵਿੰਨਿਆ, ਉਹ ਹਥਿਆਰ ਸੁੱਟ ਕੇ ਪੈਰਾਂ ਤੇ ਡਿਗ ਪਿਆ। ਅਜਿਹੀ ਬਖਸ਼ਸ਼ ਸੈਦੇ ਖਾਕ ਤੇ ਹੋਈ ਸੀ। ਨਿਰਸੰਦੇਹ ਆਪ ਜੀ ਦਾ ਪਾਤਸ਼ਾਹੀ ਖਜ਼ਾਨਾ, ਹਜ਼ਾਰਾ ਅਧਿਕਾਰੀਆਂ ਲੋੜਵੰਦਾਂ, ਦੁਖੀਆਂ ਦੇ ਦਰ ਢੱਠਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਸੀ।

ਭਾਈ ਨੰਦ ਲਾਲ ਦੀ ਰਚਨਾ ਵਿੱਚ ਹਜ਼ੂਰ ਦੀ ਬਹੁਰੰਗੀ ਸ਼ਖਸੀਅਤ ਦਾ ਚਿਤਰ ਪਰਧਾਨ ਹੈ। ਇਸ ਲੋਕ ਦਾ ਖਜ਼ਾਨਾ ਬਾਦਸ਼ਾਹ ਦੇ ਹੱਥ ਵਿੱਚ ਤੇ ਉਸ ਲੋਕ ਦਾ ਖਜ਼ਾਨਾ ਦਰਵੇਸ਼ ਦੇ ਹੱਥ ਵਿੱਚ ਹੈ। ਦੋਹਾਂ ਸਿਰਿਆਂ ਦਾ ਸੁਆਮੀ ਹੋਣ ਕਰਕੇ ਆਪ ਨੂੰ "ਬਾਦਸ਼ਾਹ ਦਰਵੇਸ਼" ਆਖਿਆ ਗਿਆ ਹੈ।

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ।।
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।।

ਇਨਾਂ ਵਿਚਾਰਾਂ ਨੂੰ ਦੂਸਰੇ ਸ਼ਬਦਾਂ ਵਿੱਚ ਇਉਂ ਬਿਆਨਿਆ ਹੈ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ।।
ਸ਼ਾਹਿ ਸ਼ਾਹਿਨਸਾਹ ਗੁਰ ਗੋਬਿੰਦ ਸਿੰਘ।।

ਆਪ ਸੰਸਾਰੀਆਂ ਲਈ ਸ਼ਾਹਾਂ ਦੇ ਸ਼ਾਹ, ਰਾਜਿਆਂ ਦੇ ਰਾਜੇ, ਮਹਾਰਾਜੇ ਤੇ ਰੂਹਾਨੀਅਤ ਦੀ ਦ੍ਰਿਸ਼ਟੀ ਕੋਣ ਤੋਂ ਅਕਾਲ ਪੁਰਖ ਦੇ ਭੇਤੀ, ਅਕਾਲ ਪੁਰਖ ਨੂੰ ਜਾਨਣ ਵਾਲੇ ਤੇ ਉਨ੍ਹਾਂ ਨਾਲ ਇੱਕ-ਮਿੱਕ ਸਨ।

ਦੁਨਿਆਵੀ ਬਾਦਸ਼ਾਹ ਤੇ ਕਾਮਲ ਫਕੀਰ ਵਿੱਚ ਬਹੁਤ ਅੰਤਰ ਹੈ। ਫਕੀਰ ਕੋਲ ਕੁੱਝ ਨਹੀਂ ਹੁੰਦਾ ਹੈ ਜੋ ਹੁੰਦਾ ਹੈ ਇਨ੍ਹਾਂ ਨੈਣਾਂ ਨੂੰ ਦਿਖਾਈ ਨਹੀਂ ਦਿੰਦਾ। ਬਾਦਸ਼ਾਹ ਕੋਲ ਸਗਲ ਪਦਾਰਥ ਹਨ, ਸਾਰੇ ਦੁਨਿਆਵੀ ਸੁੱਖ ਹਨ, ਫਿਰ ਭੀ ਕੋਈ ਘਾਟ ਹੈ ਜਿਸ ਕਰਕੇ ਉਸ ਦੇ ਹਿਰਦੇ ਵਿਚ ਅਗਨੀ ਹੈ ਜਿਹੜੀ ਬੁੱਝਦੀ ਨਹੀਂ, ਭਟਕਣ ਹੈ ਜਿਹੜੀ ਮਨ ਨੂੰ ਟਿਕਾਉ ਵਿੱਚ ਨਹੀਂ ਆਉਣ ਦਿੰਦੀ। ਘਰ ਘਰ ਟੁੱਕਰ ਮੰਗਣ ਵਾਲੇ ਫਕੀਰ ਗੁਰੂ ਘਰ ਦੀ ਕਸੌਟੀ ਤੇ ਪੂਰੇ ਨਹੀਂ ਉੱਤਰਦੇ। ਖੈਰ ਨਾ ਪੈਣ ਤੇ ਸ਼ਾਂਤ ਰਹਿਣ ਵਾਲੇ ਫਕੀਰ ਬਹੁਤ ਘਟ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਮੰਗਣ ਵਾਲੇ ਦਾ ਕੋਈ ਅਧਿਕਾਰ ਨਹੀਂ ਹੁੰਦਾ। ਰਾਜਿਆਂ ਦੀ ਕਥਨੀ ਤੇ ਕਰਨੀ ਬਿਲਕੁਲ ਬਿਪਰੀਤ ਹੈ। ਲੋਭੀ ਭਾਂਵੇ ਰਾਜਾ ਹੋਵੇ ਜਾਂ ਕੰਗਾਲ, ਉਸ ਦਾ ਕੋਈ ਵਿਸਾਹ ਨਹੀਂ। ਪਰਜਾ ਜਾਏ ਢੱਠੇ ਖੂਹ ਵਿੱਚ, ਉਸ ਦਾ ਆਪਣਾ ਪੇਟ ਭਰਨਾ ਚਾਹੀਦਾ ਹੈ ਜਿਹੜਾ ਕਿ ਕਦੇ ਵੀ ਨਹੀਂ ਭਰਦਾ। ਗੁਰੂ ਨਾਨਕ ਜੀ ਨੇ ਇਨ੍ਹਾਂ ਨੂੰ ਕਸਾਈ ਤੇ ਸ਼ੀਹ ਆਖਿਆ ਸੀ। ਐਸ਼ੋ ਇਸ਼ਰਤ ਵਿੱਚ ਜੀਵਨ ਬਿਤਾਉਣ ਵਾਲੇ ਰਾਜਿਆਂ ਨੇ ਬਾਹਰਲੇ ਹਮਲਾਵਰਾਂ ਤੋਂ ਮਾਰਾਂ ਵੀ ਖਾਧੀਆਂ ਸਨ।

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।।

ਤਕੜੇ ਰਾਜਿਆਂ ਲਈ ਨਰਕ ਘੋਰ ਦਾ ਦੁਆਰਾ ਖੁੱਲਾ ਸੀ।

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ।।
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ।।
ਸੋਰਠਿ ਮਹਲਾ ੫ (੬੪੨)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ (1) ਆਦਰਸ਼ਕ ਬਾਦਸ਼ਾਹ ਸਨ (2) ਆਦਰਸ਼ਕ ਫਕੀਰ ਸਨ (3) ਇੱਕੋ ਸਮੇਂ ਬਾਦਸ਼ਾਹ ਤੇ ਫਕੀਰ ਹੋਣਾ ਇਕ ਕੋਤਕਮਈ ਸੰਗਮ ਸੀ। ਜਿਵੇਂ ਪੜ੍ਹੇ ਹੋਏ ਦਾ ਮੁੱਖ-ਧਰਮ, ਪ੍ਰਭੂ ਚਿੰਤਨ ਹੈ, ਤਿਵੇਂ ਬਾਦਸ਼ਾਹ ਦਾ ਪਹਿਲਾ ਧਰਮ ਨਿਆਂ ਕਰਨਾ ਹੈ ਤੇ ਨਿਰੱਪਖ ਹੋ ਕੇ ਫੈਸਲਾ ਕਰਨਾ ਹੈ। ਦਸਮੇਸ਼ ਪਿਤਾ ਜੀ ਇੱਕ ਮਹਾਨ ਆਦਰਸ਼ਕ ਬਾਦਸ਼ਾਹ ਦਾ ਸਰੂਪ ਸਨ। ਮਾਇਆ ਤੇ ਕੂੜ ਵਿੱਚ ਰੱਤੇ ਬਾਦਸ਼ਾਹ ਦੇ ਟਾਕਰੇ ਵਿੱਚ ਆਪ ਨਾਮ-ਰੱਤੇ ਪਾਤਸ਼ਾਹ ਸਨ। ਆਪ ਜੀ ਦਾ ਮੁੱਖ ਆਦਰਸ਼, ਆਪ ਦੇ ਅਪਣੇ ਮੁਖਾਰ ਬਿੰਦ ਤੋਂ ਨਿਕਲੇ ਬਚਨਾਂ ਅਨੁਸਾਰ ਸੰਤ ਉਬਾਰਨ ਤੇ ਦੁਸ਼ਟ ਸੰਘਾਰਨ ਦਾ ਸੀ। ਬੇਇਨਸਾਫੀ ਤੇ ਧਿੰਗਾ ਜ਼ੋਰੀ ਦੇ ਵਿਰੁੱਧ ਆਪ ਜੀ ਦੀ ਤਲਵਾਰ ਨੇ ਫੈਸਲਾ ਕੁਨ ਜੌਹਰ ਦਿਖਾਏ।


www.AKJ.Org

ਉਸ ਸਮੇਂ ਦੀ ਬਾਦਸ਼ਾਹੀ, ਆਮ ਤੌਰ ਤੇ ਖਾਨਦਾਨੀ ਹੁੰਦੀ ਸੀ। ਹਉਮੈ ਤੇ ਧਾਰਮਕ ਕਟੱੜ ਪੁਣੇ ਨੇ ਮੁਗਲ ਬਾਦਸ਼ਾਹ, ਵਿਸ਼ੇਸ਼ ਤੌਰ ਤੇ ਔਰੰਗਜ਼ੇਬ ਨੂੰ ਅਤੀ ਨਿਰਦਈ ਤੇ ਪੱਖਵਾਦੀ ਬਣਾਇਆ ਹੋਇਆ ਸੀ। ਵਰਤਮਾਨ ਸਮੇਂ ਵਿੱਚ ਵਜ਼ੀਰਾਂ ਦੀ ਹੋਂਦ ਦਾ ਅਧਾਰ, ਸਿਰਾਂ ਦੀ ਗਿਣਤੀ ਹੈ, ਗੁਣਾਤਮਕ ਅੰਗ ਨਹੀਂ। ਉਨ੍ਹਾਂ ਨੂੰ ਇਨਸਾਫ ਦੀ ਚਿੰਤਾ ਨਹੀਂ, ਆਪਣੇ ਬਚਾਉ ਦਾ ਫਿਕਰ ਹੈ। ਇਹੋ ਕਾਰਣ ਹੈ ਕਿ ਲੋਕ-ਰਾਜ ਦੇ ਢਾਂਚੇ ਵਿਚ ਵੀ ਘੱਟ ਗਿਣਤੀਆਂ ਨੂੰ ਇਨਸਾਫ ਨਹੀਂ ਮਿਲਦਾ। ਸਤਿਗੁਰੂ ਦੇ ਫੁਰਮਾਨ ਅਨੁਸਾਰ ਬਾਦਸ਼ਾਹ ਦਾ ਮੁੱਖ ਧਰਮ ਜਾਂ ਪਰੱਤਗਿਆ ਇਨਸਾਫ ਕਰਨਾ ਤੇ ਦੋਸ਼ੀ ਨੂੰ ਡੰਨ ਦੇਣਾ ਹੈ।

ਰਾਜੇ ਚੁੱਲੀ ਨਿਆਵ ਕੀ ਪੜਿਆ ਸਚੁ ਧਿਆਨੁ।।

(ਵਾਰ ਸਾਰੰਗ ਮਹਲਾ ੪-੧੨੪੦)

ਸੱਚੇ ਗੁਰਦੇਵ ਜੀ ਦਾ ਦਰਬਾਰ ਸਚਾਈ ਤੇ ਨਿਆਂ ਦਾ ਦੀਵਾਨ ਸੀ। ਇਥੇ ਹੀ ਬੱਸ ਨਹੀਂ ਆਪ ਨੇ ਹਕੂਮਤ ਦੇ ਜ਼ੁਲਮ ਤੇ ਅਨਿਆਂ ਵਿਰੁੱਧ ਅਵਾਜ਼ ਬੁਲੰਦ ਕੀਤੀ, ਹਥਿਆਰ ਚੁੱਕੇ, ਜੰਗ ਲੜੇ ਤੇ ਖਾਲਸੇ ਵਿੱਚ ਐਸੀ ਸਪਿਰਟ ਭਰੀ ਕਿ ਉਸ ਨੇ ਇੱਕ ਦਿਨ ਪਰਬਤ ਜੇਡੀ ਸਲਤਨਤ ਨੂੰ ਮਲੀਆ ਮੇਟ ਕਰਕੇ ਖਾਲਸਾ ਰਾਜ ਸਥਾਪਤ ਕਰਨ ਵਿੱਚ ਸਫਲਤਾ ਪਾ ਲਈ।

ਹਜ਼ੂਰ ਦਾ ਬਾਦਸ਼ਾਹੀ ਠਾਠ ਅਜੇੜ ਸੀ। ਆਪ ਦਾ ਰਾਜ ਸਿੱਖ ਸੈਨਾ ਦੇ ਮਨਾਂ ਅੰਦਰ ਸੀ। ਇਨ੍ਹਾਂ ਨੇ ਗੁਰਦੇਵ ਜੀ ਨੂੰ ਸਿਰ ਦਿੱਤਾ ਸੀ, ਤਨ ਵਾਰਨਾ ਤਾਂ ਬਹੁਤ ਸਾਧਾਰਣ ਸੀ। ਡੱਲੇ ਨੂੰ ਆਪਣੇ ਜਵਾਨਾਂ ਤੇ ਫਖਰ ਸੀ। ਉਸ ਆਖਿਆ ਕਿ ਮੈਨੂੰ ਆਪ ਦੀ ਸਹਾਇਤਾ ਦਾ ਮੌਕਾ ਨਹੀਂ ਮਿਲਿਆ ਨਹੀਂ ਤਾਂ ਤੁਹਾਨੂੰ ਏਨਾ ਕਸ਼ਟ ਨ ਉਠਾਉਣਾ ਪੈਂਦਾ। ਜਦ ਸਤਿਗੁਰੂ ਨੇ ਪਰਖਿਆ ਤਾਂ ਕੋਈ ਜੁਆਨ ਨਿਸ਼ਾਨਾ ਬਣਨ ਲਈ ਅੱਗੇ ਨਹੀਂ ਆਇਆ। ਇਹ ਗੁਰੂ ਦੀਆਂ ਫੌਜਾਂ ਸਨ, ਗੁਰੂ ਦੇ ਲਾਡਲੇ ਸਿੱਖ ਸਨ ਕਿ ਪਿਉ ਤੇ ਪੁੱਤਰ ਦੋਨੋਂ ਹੀ ਸਤਿਗੁਰੂ ਜੀ ਦੀ ਬੰਦੂਕ ਅੱਗੇ ਨਿਸ਼ਾਨਾ ਬਣਨ ਲਈ ਇੱਕ ਦੂਜੇ ਤੋਂ ਅੱਗੇ ਹੋ ਕੇ ਸਨਮੁਖ ਆਏ। ਆਪ ਜੀ ਦੀ ਬਾਦਸ਼ਾਹੀ ਅਨੋਖੀ ਸੀ ਤੇ ਕੇਵਲ ਆਪ ਹੀ ਨੂੰ ਫੌਜਾਂ ਵਾਲੇ, ਬਾਜ਼ਾਂ ਵਾਲੇ, ਨੀਲੇ ਵਾਲੇ ਨਾਮ ਨਾਲ ਸਨਮਾਨਤ ਕੀਤਾ ਜਾਂਦਾ ਰਹਿਆ। ਨਗਾਰੇ ਦੀ ਉੱਚੀ ਧੁਨੀ ਨਿਡਰਤਾ ਤੇ ਦ੍ਰਿੜਤਾ ਦੀ ਨਿਸ਼ਾਨੀ ਸੀ। ਹਰ ਇੱਕ ਸਿਪਾਹੀ ਨਾਲ ਪਿਉ ਪੁਤਰ ਦਾ ਨਾਤਾ ਸੀ। ਗੁਰ ਸਿੱਖ ਆਪਣੇ ਪਿਆਰੇ ਗੁਰੂ ਨੂੰ ਪਰਸਾਦੀ ਹਾਥੀ, ਸੁੰਦਰ ਵਡਮੁੱਲੀ ਚਾਨਣੀ, ਵਧੀਆਂ ਹਥਿਆਰ ਤੇ ਅਜਿਹੇ ਪਦਾਰਥ ਭੇਟ ਕਰਦੇ, ਜਿਹੜੇ ਪਹਾੜੀ ਰਾਜਿਆਂ ਨੂੰ ਕਤਈ ਨਸੀਬ ਨ ਹੁੰਦੇ। ਆਪ ਜੀ ਦੀ ਪਹੁੰਚ ਹਰੀ ਦੀ ਦਰਗਾਹ ਵਿੱਚ ਹੋਣ ਕਰਕੇ, ਆਪ ਜੀ ਦੇ ਤਖਤ ਦੀ ਸ਼ੋਭਾ, ਇਸ ਦੀ ਪਦਵੀ ਸਗਲ ਬ੍ਰਹਮੰਡ ਵਿਚ ਵਿਆਪਕ ਸੀ। ਭਾਈ ਸਾਹਿਬ ਦੀ ਉਸਤਤਿ ਕੇ ਵਲ ਸੱਚ ਦੇ ਆਧਾਰ ਸੀ

ਤਖਤਿ ਬਾਲਾ ਜੇਰਿ ਗੁਰੁ ਗੋਬਿੰਦ ਸਿੰਘ।।

ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ।। ੧੪੨।।

ਇਸ ਤਖਤ ਨੂੰ ਸਭ ਕੋਈ ਸੀਸ ਝੁਕਾਉਂਦਾਂ ਕੋਈ ਜੀਵ ਆਕੀ ਨਹੀਂ ਸੀ। ਸਾਰੇ ਸਤਿਗੁਰੂ ਜੀ ਦੀ ਆਗਿਆ ਵਿੱਚ ਸਨ।

ਜੁਮਲਾ ਦਰ ਫੁਰਮਾਨਿ ਗੁਰੁ ਗੋਬਿੰਦ ਸਿੰਘ।।

ਬਰਤਰ ਆਮਦ ਸ਼ਾਨਿ ਗੁਰੁ ਗੋਬਿੰਦ ਸਿੰਘ।।੧੪੭।।

ਸਤਿਗੁਰੂ ਜੀ ਦੇ ਬਚਨ ਹਨ ਕਿ ਜਿਸ ਬਾਦਸ਼ਾਹ ਨੂੰ ਕੋਈ ਸਲਾਮ ਨਹੀਂ ਕਰਦਾ, ਸਤਿਕਾਰ ਨਹੀਂ ਬਖਸ਼ਦਾ, ਉਹ ਕੇਵਲ ਇਕ ਨਾਮ ਧਾਰੀਕ ਰਾਜਾ ਹੈ।

*"ਕਿਆ ਸੁਲਤਾਨੁ ਸਲਾਮ ਵਿਹੂਣਾ....।।* ਗੁਰਦੇਵ ਜੀ ਨੇ ਅਨੰਦਪੁਰ ਸਾਹਿਬ ਛੱਡਿਆ, ਪਰਵਾਰ ਤਿਆਗਿਆ, ਦੋਬਾਰਾ ਗੁਰ ਸੰਗਤ ਨਾਲ ਮਿਲਾਪ ਕੀਤਾ ਪਰ ਆਪ ਜੀ ਦੇ ਪ੍ਰਸਪਰ ਪਿਆਰ ਸਤਿਕਾਰ ਵਿੱਚ ਕੋਈ ਘਾਟ ਨਹੀਂ ਪਈ। ਹਜ਼ੂਰ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਭੇਜਿਆ ਜਿਸ ਵਿੱਚ ਔਰੰਗਜ਼ੇਬ ਨੂੰ ਸੱਦਾ ਦਿੱਤਾ ਤੇ ਆਖਿਆ ਕਿ ਤੂੰ ਨਿਸਚਿੰਤ ਹੋ ਕੇ ਏਥੇ ਆ ਕਿਉਂਕਿ ਬੈਰਾੜ ਕੌਮ, ਸਾਰੀ ਦੀ ਸਾਰੀ ਮੇਰੇ ਹੁਕਮ ਵਿਚ ਹੈ।

ਹਮਹ ਕੌਮ ਬੈਰਾੜਿ ਹੁਕਮੇ ਮਰਾਸਤ।।

ਆਮ ਤੌਰ ਤੇ ਸੰਸਾਰਕ ਰਾਜਿਆਂ ਦਾ ਉਦੇਸ਼ ਪਦਾਰਥਵਾਦੀ ਨੀਤੀ ਕੁਟਿਲਤਾ ਭਰੀ ਤੇ ਨੀਯਤ ਖੋਟੀ ਹੁੰਦੀ ਹੈ। ਉਨ੍ਹਾਂ ਦਾ ਸੰਘਰਸ਼ ਇੱਕ ਦੂਜੇ ਦੇ ਰਾਜ ਵਿਚ ਬਗਾਵਤ ਕਰਾਉਣ, ਬਦਅਮਨੀ ਫੈਲਾਉਣ ਜਾਂ ਕਬਜ਼ਾ ਜਮਾਉਣ ਦੇ ਸੰਬੰਧ ਵਿੱਚ ਹੁੰਦਾ ਹੈ। ਆਪ ਦੀ ਤਲਵਾਰ ਮਾਰਨ ਲਈ ਨਹੀਂ, ਬਚਾਉਣ ਲਈ ਉੱਠੀ ਸੀ। ਆਪ ਦੀ ਜੰਗ ਬੇਇਨਸਾਫੀ ਤਸ਼ਦੱਦ, ਧਾਰਮਕ ਕੱਟੜਤਾ ਆਦਿ ਦੇ ਵਿਰੁੱਧ ਸੀ। ਹਜ਼ੂਰ ਨੇ ਜੰਗਾਂ ਜਿੱਤੀਆ ਪਰ ਬੇਗਾਨੀ ਇੱਕ ਇੰਚ ਧਰਤੀ ਵੀ ਆਪਣੇ ਕਬਜ਼ੇ ਵਿੱਚ ਨਹੀਂ ਲਿਆਂਦੀ। ਭੰਗਾਣੀ ਦੀ ਜੰਗ ਦੀ ਜਿੱਤ ਬਾਅਦ ਆਪ ਨੇ ਕਮਾਲ ਦੀ ਉਦਾਰਤਾ ਦਾ ਸਬੂਤ ਦਿੱਤਾ ਸੀ। ਕਿਸੇ ਹੋਰ ਧਰਮ ਦੇ ਪੈਰੋਦਾਰ ਨੂੰ ਜ਼ਬਰਦਸਤੀ ਸਿੱਖ


www.AKJ.Org

ਨਹੀਂ ਬਣਾਇਆ, ਨਾ ਕਿਸੇ ਨੂੰ ਦੁਨਿਆਵੀ ਲਾਲਚ ਦੇ ਕੇ ਪ੍ਰੇਰਨਾ ਦਿੱਤੀ। ਜਿਹੜਾ ਵੀ ਬਣਿਆ, ਕੁੱਝ ਲੈ ਕੇ ਨਹੀਂ, ਦੇ ਕੇ ਬਣਿਆ। ਅਰਥਾਤ ਉਸ ਨੇ ਸਿਰ ਦੇ ਕੇ ਸਿੱਖੀ ਮੰਡਲ ਵਿੱਚ ਪਰਵੇਸ਼ ਕੀਤਾ।

ਜਦ ਵੀ ਤੇ ਜਿਥੇ ਵੀ ਕਿਸੇ ਦੇਸ਼ ਦੇ ਅੰਦਰ ਖੂਨ ਖਰਾਬਾ ਹੁੰਦਾ ਹੈ, ਜ਼ੁਲਮ ਦਾ ਦੌਰ ਚੱਲਦਾ ਹੈ ਬੇਗੁਨਾਹ ਫਾਂਸੀ ਤੇ ਚੜ੍ਹਦੇ ਹਨ, ਅਸਲ ਕਾਤਲਾਂ ਨੂੰ ਸਜ਼ਾ ਨਹੀਂ ਮਿਲਦੀ, ਉਸ ਦਾ ਜਵਾਬ ਦਿਹ ਬਾਦਸ਼ਾਹ, ਉੱਚ ਅਧਿਕਾਰੀ, ਰਾਜ ਕੌਂਸਲ ਆਦਿ ਹੁੰਦਾ ਹੈ। ਜਿਸ ਬਾਦਸ਼ਾਹ ਦੀ ਬਾਦਸ਼ਾਹੀ ਦੀ ਆਰੰਭਤਾ ਹੀ ਕਤਲੋ ਗਾਰਤ ਦੇ ਵਾਤਾਵਰਨ ਵਿੱਚ ਹੋਵੇ, ਜੱਦੀ ਹੱਕ ਦੀ ਨੀਂਵ ਤੇ ਹੋਵੇ, ਬਹੁਗਿਣਤੀ ਦੇ ਆਧਾਰ ਤੇ ਹੋਵੇ, ਹਮਦਰਦੀ ਦੀ ਬਿਨਾ ਤੇ ਹੋਵੇ, ਉਸ ਦੇ ਰਾਜ ਵਿੱਚ ਇਨਸਾਫ ਦਾ ਸੁਪਨਾ ਲੈਣਾ ਵੀ ਬੇਕਾਰ ਜਾਂਦਾ ਹੈ। ਇਸ ਦਾ ਕਾਰਣ ਸਪਸ਼ਟ ਹੈ ਕਿ ਉਸ ਰਾਜੇ ਵਿੱਚ ਆਦਰਸ਼ਕ ਰਾਜੇ ਦੇ ਗੁਣ ਨਹੀਂ ਹੁੰਦੇ ਜਾਂ ਉਹ ਵਾਸਤਵ ਵਿੱਚ ਰਾਜ ਦੇ ਲਾਇਕ ਨਹੀਂ ਹੁੰਦਾ, ਸਲਾਹਕਾਰ ਮੰਡਲੀ ਇਨਸਾਨੀਅਤ ਦੇ ਗੁਣਾਂ ਤੋਂ ਸੱਖਣੀ ਹੁੰਦੀ ਹੈ, ਲਾਲਚ ਤੇ ਮੋਹ ਦੇ ਬੰਧਨਾਂ ਵਿਚ ਜਕੜੀ ਹੁੰਦੀ ਹੈ। ਜਦ ਉਹਨਾਂ ਦੀ ਪ੍ਰੀਖਿਆ ਹੁੰਦੀ ਹੈ ਤਾਂ ਉਹ ਸਦਾਚਾਰਕ ਨਿਯਮਾਂ ਸਚਾਈ ਭਲਾਈ ਤੇ ਜ਼ੁਮੇਵਾਰੀ ਨੂੰ ਕੁਰਬਾਨ ਕਰਕੇ ਆਪਣੀ ਹੋਂਦ ਨੂੰ ਬਚਾਉਣਾ, ਤੇ ਹੋਂਦ ਨੂੰ ਬਰਕਰਾਰ ਰੱਖਣਾ ਹੀ ਆਪਣਾ ਮਨੋਰਥ ਸਮਝਦੇ ਹਨ।

ਸਤਿਗੁਰੂ ਜੀ ਦਾ ਫੁਰਮਾਨ ਹੈ :-

(1) ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ।।
(ਮਾਰੂ ਮਹਲਾ ੧-੯੯੨)

(2) ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।।
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ।।
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ।।
(ਵਾਰ ਮਾਰੂ ੩-੧੦੮੮)

ਤਾਂ ਤੇ ਅਧਰਮੀ ਰਾਜ ਵਿਚ ਧਰਮ ਨਹੀਂ ਅਧਰਮ ਦਾ ਹੀ ਬੋਲਬਾਲਾ ਹੋਵੇਗਾ। ਜਿਸ ਰਾਜ ਵਿਚ ਸੱਚਾ ਧਰਮ ਨਹੀਂ, ਉਥੇ ਸ਼ੁਭ ਗੁਣੀ ਨਹੀਂ, ਸੁੱਖ ਨਹੀਂ, ਦੁੱਖ ਦਾ ਹੀ ਪਸਾਰਾ ਹੋਵੇਗਾ। ਭਾਈ ਗੁਰਦਾਸ ਜੀ ਦੇ ਬਚਨ ਹਨ :-

ਜੈਸੇ ਰਾਜਾ ਧਰਮ ਸਰੂਪ ਰਾਜਨੀਤੀ ਵਿਖੇ ਤਾ ਕੇ ਦੇਸ ਪਰਜਾ ਬਸਤ ਸੁਖ ਪਾਇਕੇ।।

ਗੁਰੂ ਨਾਨਕ ਘਰ ਵਿਚ ਗੁਰਤਾ ਗੱਦੀ ਦਾ ਆਧਾਰ, ਕੋਈ ਦੁਨਿਆਵੀ ਸੰਬੰਧ ਨਹੀਂ, ਕੇਵਲ ਯੋਗਤਾ ਰਹੀ ਹੈ। ਗੁਰੂ ਕਲਗੀਧਰ ਪਾਤਸ਼ਾਹ ਦੀ ਚੋਣ, ਆਪ ਅਕਾਲ ਪੁਰਖ ਨੇ ਉਨ੍ਹਾਂ ਦੀ ਤੱਪਸਿਆ ਤੋਂ ਪ੍ਰਸੰਨ ਹੋ ਕੇ ਕੀਤੀ ਸੀ ਤੇ ਆਪ ਨੂੰ ਇਸ ਨਾਜ਼ਕ ਸਮੇਂ ਵਿਚ ਯੋਗ ਸਮਝਦਿਆਂ ਹੀ ਇਸ ਸੰਸਾਰ ਵਿੱਚ ਭੇਜਿਆ ਸੀ। ਸੰਸਾਰਕ ਨਜ਼ਰਾਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਏਨੀ ਦਹਿਸ਼ਤ ਫੈਲੀ ਹੋਈ ਸੀ ਕਿ ਕਿਸੇ ਹੋਰ ਵਿਅਕਤੀ ਨੇ ਆਪਣੇ ਆਪ ਨੂੰ ਗੁਰੂ, ਕਹਿਲਾਉਣ ਦਾ ਹੀਆ ਨਹੀਂ ਕੀਤਾ। ਉਹ ਸਮਾਂ ਸੀ ਕੁਰਬਾਨੀ ਕਰਨ ਦਾ, ਨਾ ਕਿ ਗੁਰੂਡੰਮ ਦੀ ਝੂਠੀ ਦੁਕਾਨ ਚਲਾਉਣ ਦਾ। ਇਸ ਚੁਨੌਤੀ ਦਾ ਟਾਕਰਾ ਕਰਨ ਵਾਲਾ, ਆਪ ਦੇ ਸਿਵਾਇ, ਸੰਸਾਰ ਵਿੱਚ ਕੋਈ ਨਹੀਂ ਸੀ।

ਆਪ ਜੀ ਦੀ ਫਕੀਰੀ ਦਾ ਕਮਾਲ ਵੀ ਨਮੂਨੇ ਦਾ ਸੀ। ਦੁਖੀਆਂ ਤੋਂ ਅਲੱਗ ਰਹਿ ਕੇ ਨਹੀਂ ਬਲਕਿ ਸੰਸਾਰ ਦੀ ਤਪਸ਼ ਤੇ ਗਰੀਬਾਂ ਦੀਆਂ ਆਹਾਂ ਵਿਚਕਾਰ ਰਹਿ ਕੇ ਦਰਵੇਸ਼ੀ ਦੇ ਗੁਣਾਂ ਨੂੰ ਹਿਰਦੇ ਵਿੱਚ ਟਿਕਾਇਆ, ਨੰਗਾ, ਭੁੱਖਾ, ਗਰੀਬ ਦਾਰਿੱਦਰੀ, ਘਰ ਦੇ ਝਮੇਲਿਆਂ ਤੋਂ ਤੰਗ ਆ ਕੇ, ਘਰ ਘਰ ਭਿੱਖਿਆ ਲੈਣ ਵਾਲਾ ਦਰਵੇਸ਼ ਨਹੀਂ, ਮੰਗਤਾ ਹੈ, ਉਹ ਜੁੜਿਆ ਹੋਇਆ ਨਹੀਂ ਟੁੱਟਾ ਹੋਇਆ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਦਰਵੇਸੀ ਦੇ ਭੇਦ ਨੂੰ ਜਾਣਨ ਵਾਲਾ ਕੋਈ ਵਿਰਲਾ ਹੀ ਹੈ।

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ।।
ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ।।
ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ।।
ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ।।
(ਬਿਹਾਗੜੇ ਕੀ ਵਾਰ ਮਹਲਾ ੪-੫੫੦)

ਸੱਚਾ ਦਰਵੇਸ ਨਾਮ ਦਾ ਜਾਚਕ ਤੇ ਨਾਮ ਦਾ ਸੌਦਾਗਰ ਹੈ, ਉਸ ਦਾ ਕੰਮ ਮੰਗਣਾ ਨਹੀਂ, ਬਖਸ਼ਸ਼ ਕਰਨਾ ਹੈ। ਬਾਬਾ ਫਰੀਦ ਦੇ ਫੁਰਮਾਨ ਅਨੁਸਾਰ ਦਰਵੇਸੀ ਬਹੁਤ ਕਠਨ ਹੈ, ਉਹ ਕੇਵਲ ਖੁਦਾ ਦੀ ਚਾਕਰੀ ਕਰਦਾ ਹੈ,। ਬਾਦਸ਼ਾਹ ਦੀ ਨਹੀਂ। ਕੋਈ ਭਰਮ ਭੁਲਾਵਾ ਉਸ ਨੂੰ ਨਹੀਂ ਪੋਂਹਦਾ। ਸਬਰ ਤੇ ਸਿਦਕ ਵਿੱਚ ਰਹਿ ਕੇ ਬਰਦਾਸ਼ਤ ਕਰਨ ਦਾ ਮਾਦਾ ਉਸ ਵਿੱਚ ਬਹੁਤ ਹੁੰਦਾ ਹੈ। ਫਕੀਰੀ ਦਾ ਤੱਤ ਲਿਬਾਸ ਵਿਚ ਨਹੀਂ, ਨਾਮ ਦੇ ਰੰਗ ਵਿੱਚ ਹੈ। ਪੰਚਮ ਪਾਤਸ਼ਾਹ ਦਰਵੇਸੀ ਦੀ ਪਰਿਭਾਸ਼ਾ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦੇ ਹਨ।

ਸਚੁ ਕਮਾਵੈ ਸੋਈ ਕਾਜੀ।। ਜੋ ਦਿਲੁ ਸੋਧੈ ਸੋਈ ਹਾਜੀ।।
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ।।੬।।
(ਮਾਰੂ ਮਹਲਾ ੫-੧੦੮੪)


www.AKJ.Org

ਆਪ ਜੀ ਦੀ ਸੂਰਤ ਸੱਚੀ ਮੁੱਚੀ ਬਾਦਸ਼ਾਹੀ ਦੀ ਤੇ ਸੀਰਤ-ਨੇਕ ਦਿਲ ਦਰਵੇਸ਼ੀ ਦੀ। ਇੱਕ ਪ੍ਰਭਾਵਸ਼ਾਲੀ ਸ਼ਕਤੀ ਤੇ ਦਬਦਬੇ ਦੀ ਤਸਵੀਰ ਸੀ ਦੂਜੀ ਕੁਰਬਾਨੀ ਤੇ ਤਿਆਗ ਦੀ। ਜਿਸ ਨੇ ਸਤਿਗੁਰੂ ਨੂੰ ਅਪਣਾ ਮਨ ਸੌਂਪਿਆ, ਉਸਨੂੰ ਸਭ ਕਿਛ ਮਿਲਿਆ, ਸੰਸਾਰ ਵਿੱਚ ਅਣਖ ਨਾਲ ਰਹਿਣ ਦੀ ਜੁਗਤੀ ਮਿਲੀ ਤੇ ਸੰਸਾਰ ਤੋਂ ਮੁਕਤ ਹੋਣ ਦਾ ਸਾਧਨ ਪ੍ਰਾਪਤ ਹੋਇਆ। ਸ਼ੀਸ਼ਾ ਯਥਾਰਥਵਾਦ ਦੀ ਮੂਰਤੀ ਹੈ, ਉਹ ਚੰਗੇ ਨੂੰ ਚੰਗਾ ਤੇ ਭੈੜੇ ਨੂੰ ਭੈੜਾ ਦਰਸਾਉਂਦਾ ਹੈ। ਤੁਹਾਡੇ ਸ਼ੀਸ਼ੇ ਦੀ ਕੋਈ ਵੱਖਰੀ, ਤੇ ਅਨੋਖੀ ਅਜ਼ਮਤ ਸੀ। ਸ਼ੁਧ ਪਵਿੱਤਰ ਹਿਰਦੇ ਦੇ ਪ੍ਰਕਾਸ਼ ਨੇ ਹਜ਼ੂਰ ਦੇ ਨੁਹਾਰ ਵਿੱਚ ਐਸੀ ਚਮਕ-ਦਮਕ ਉਤਪੰਨ ਕੀਤੀ ਸੀ ਕਿ ਤੱਕਣ ਵਾਲੇ ਨੂੰ ਅਕਾਲ ਪੁਰਖ ਦਾ ਦੀਦਾਰ ਹੁੰਦਾ ਸੀ। ਭਾਈ ਨੰਦ ਲਾਲ ਨੇ ਆਖਿਆ ਸੀ।

ਖਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ।।
ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ।। (੧੨੪)

ਇੱਕ ਗੁਰਸਿੱਖ ਘਾਹੀ ਨੇ ਜਹਾਂਗੀਰ ਨੂੰ ਕੇਵਲ ਬਾਦਸ਼ਾਹ ਸਲਾਮਤ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰਸੱਚਾ ਪਾਤਸ਼ਾਹ ਜਾਣਿਆ ਸੀ। ਸਿੱਧਾ ਸਾਦਾ ਗੁਰਸਿੱਖ ਦੋਹਾਂ ਦੇ ਭੇਦ ਤੋਂ ਜਾਣੂ ਸੀ। ਉਹ ਨਾਮ ਵਿਹੂਣੇ ਬਾਦਸ਼ਾਹ ਨੂੰ ਸੱਚਾ ਪਾਤਸ਼ਾਹ ਕਿਵੇਂ ਕਹਿ ਸਕਦਾ ਸੀ। ਗੁਰਬਾਣੀ ਨੇ ਇਸ ਤਰਾਂ ਨਿਰਣਾ ਕੀਤਾ ਹੈ।

ਨਾਨਕ ਹੋਰਿ ਪਤਿਸਾਹੀਆ
ਕੂੜੀਆ ਨਾਮਿ ਰਤੇਪਾਤਿਸਾਹ।।੧੧।।
(ਸਲੋਕ ਮਹਲਾ ੩-੧੪੧੩)

ਇਉਂ ਬਾਦਸ਼ਾਹ ਤੇ ਦਰਵੇਸ਼ ਦਾ ਸੁਮੇਲ ਹੀ ਸੱਚੇ,ਪਾਤਸ਼ਾਹ ਦਾ ਸਰੂਪ ਹੈ। ਭਗਤ ਕਬੀਰ ਨੇ ਇੱਕ ਆਦਰਸ਼ਕ ਬਾਦਸ਼ਾਹ-ਦਰਵੇਸ਼ ਦਾ ਜਿਹੜਾ ਚਿੱਤਰ ਉਲੀਕਿਆ ਹੈ, ਜਾਂ ਕਸੌਟੀ ਪੇਸ਼ ਕੀਤੀ ਹੈ, ਉਸ ਉਤੇ ਸਿਵਾਇ ਗੁਰੂ ਗੋਬਿੰਦ ਸਿੰਘ ਦੇ ਹੋਰ ਬਾਦਸ਼ਾਹ ਪੂਰਾ ਨਹੀਂ ਉੱਤਰਦਾ, ਐਸਾ ਕੋਈ ਬਾਦਸ਼ਾਹ ਜਾਂ ਕਰਤਾ ਧਰਤਾ ਹਾਕਮ ਨਜ਼ਰ ਨਹੀਂ ਆਉਂਦਾ ਜਿਹੜਾ ਗਿਆਨ ਤੇ ਵੈਰਾਗ ਨਾਲ ਅਪਣਾ ਮਨ ਵਿੰਨੇ, ਤੇ ਭਟਕਣ ਤੋਂ ਬਚਾਵੇ ਤੇ ਆਤਮਕ ਉਡਾਰੀਆਂ ਲਾ ਕੇ ਦਸਮ ਦੁਆਰ ਦੀ ਅਵਸਥਾ ਤਕ ਪਹੁੰਚੇ। ਜੇ ਕੋਈ ਐਸਾ ਸੁਲਤਾਨ ਹੈ ਤਾਂ ਉਹ ਸਿਰ ਤੇ ਇਲਾਹੀ ਛਤ੍ਰ ਧਰਨ ਦੇ ਯੋਗ ਹੈ।

ਸੋ ਸੁਰਤਾਨੁ ਜੁ ਦੁਇ ਸਰ ਤਾਨੈ।।
ਬਾਹਰਿ ਜਾਤਾ ਭੀਤਰਿ ਆਨੈ।।
ਗਗਨ ਮੰਡਲ ਮਹਿ ਲਸਕਰੁ ਕਰੈ।।
ਸੋ ਸੁਰਤਾਨੁ ਛਤ੍ਰੁ ਸਿਰਿ ਧਰੈ।।
(ਰਾਗ ਭੈਰਉ ੧੧੬੦)

ਸਾਰਾਂਸ਼ ਐਸਾ ਸੱਚਾ ਪਾਤਸ਼ਾਹ ਦੀਨ ਦੁਨੀ ਦਾ ਮਾਲਕ, ਨਾਮ ਸੁੰਗਧਤ ਸ਼ਕਤੀ ਦਾ ਖਜ਼ਾਨਾ, ਪਰਉਪਕਾਰ ਤੇ ਕੁਰਬਾਨੀ ਦਾ ਪੁੰਜ ਅਤੇ ਸਰਬ-ਪੱਖੀ ਸੰਪੂਰਨਤਾ ਦਾ ਮੁਜੱਸਮਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਾਵਨ ਸਰੂਪ ਹੈ। ਬਾਦਸ਼ਾਹ, ਇਸ ਲੋਕ ਦਾ ਹਾਕਮ ਹੈ, ਉਸ ਲੋਕ ਦਾ ਨਹੀਂ। ਸੱਚਾ ਦਰਵੇਸ਼ ਪਰਲੋਕ ਦਾ ਹਾਕਮ ਹੈ, ਇਸ ਲੋਕ ਦਾ ਨਹੀਂ। ਆਪਦਾ ਰਾਜ ਈਹਾਂ ਵੀ ਹੈ, ਊਹਾਂ ਵੀ। ਦੋਨੋ ਆਲਮ ਆਪ ਦੇ ਅਧੀਨ ਹਨ ਤੇ ਦੋਨੋ ਹੀ ਆਪ ਨੂੰ ਸਿਜਦਾ ਕਰਦੇ ਹਨ। ਫਿਰ ਭੀ ਇਨ੍ਹਾਂ ਦਾ ਮੁੱਲ ਆਪ ਦੇ ਸੁੰਦਰ ਕੇਸਾਂ ਦੇ ਕੇਵਲ ਇਕ ਤਾਰ ਕੇ ਬਰਾਬਰ ਹੈ। ਭਾਈ ਸਾਹਿਬ ਕਹਿੰਦੇ ਹਨ।

ਦੀਨ ਦੁਨੀਆ ਦਰ ਕਮੰਦੇ ਆ ਪਰੀ ਰੁਖਸਾਰਿ ਮਾ।।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿਮਾ।।
(ਦੀਵਾਨ ਗੋਯਾ- ਭਾਈ ਨੰਦ ਲਾਲ ਜੀ )

## ਚੜ੍ਹ ਜਾਵੇ ਸਿੱਖੀ ਦਾ ਸੂਰਜ

ਨਿਰਮਲ ਸਿੰਘ ਬਲੀ ਖੁਰਦ (ਰੋਪੜ)

ਸਿੱਖ ਪੰਥ ਦੇ ਸਿੱਖ ਵਾਰਸੋ, ਸਿੱਖੀ ਵੱਲ ਧਿਆਨ ਦਿਓ।
ਚੜ੍ਹ ਜਾਵੇ ਸਿੱਖੀ ਦਾ ਸੂਰਜ, ਐਸਾ ਗੁਰਮਤਿ ਗਿਆਨ ਦਿਓ।
ਬੱਚੇ ਬੱਚੀਆਂ ਹੋ ਗਏ, ਸਿਖ ਧਰਮ ਤੋਂ ਬਾਗੀ।
ਕੇਸ ਕਟਾ ਕੇ ਟੋਪੀ ਪਾ ਲਈ, ਪੱਗ ਨੂੰ ਫਿਰਨ ਤਿਆਗੀ।
ਕੇਸ ਕੇਸਕੀ ਦੇ ਨਾਲ ਬਣਦੀ, ਸਿੱਖੀ ਦੀ ਦਸ ਸ਼ਾਨ ਦਿਓ।
ਚੜ੍ਹ ਜਾਵੇ ਸਿੱਖੀ ਦਾ ਸੂਰਜ,---------
ਸੰਤ ਅਖੌਤੀ ਭੋਲੇ ਭਾਲੇ ਲੋਕਾਂ ਨੂੰ ਭਰਮਾਉਂਦੇ।
ਗੁਰੂ ਗ੍ਰੰਥ ਦੀ ਥਾਂਵੇ ਮੱਥਾਂ ਆਪ ਨੂੰ ਟੇਕਵਾਉਂਦੇ।
ਇਹੋ ਜਹੇ ਪਖੰਡੀਆਂ ਤੋਂ ਕਰ ਲੋਕਾਂ ਨੂੰ ਸਾਵਧਾਨ ਦਿਓ।
ਚੜ੍ਹ ਜਾਵੇ ਸਿੱਖੀ ਦਾ ਸੂਰਜ---------
ਜਨਮ ਖਾਲਸਾ ਤਿਨ ਸੌ ਸਾਲਾ, ਪੂਰੇ ਪੰਥ ਨਿਸ਼ਾਨੇ ਨੂੰ।
ਅੰਮ੍ਰਿਤਧਾਰੀ ਕੌਮ ਬਣਾਉਣੀ ਵੰਡੋ 'ਗੁਰੂ-ਖਜ਼ਾਨੇ' ਨੂੰ।
ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ, ਨਗਰ ਨਗਰ ਵਿਖਿਆਨ ਦਿਓ।
ਚੜ੍ਹ ਜਾਵੇ ਸਿੱਖੀ ਦਾ ਸੂਰਜ---------
ਧੰਨ ਇਹ ਸਿੱਖੀ ਗੁਰੂ ਨਾਨਕ ਦੀ ਭਲਾ ਮਨਾਉਂਦੀ ਸਭਨਾਂ ਦਾ
ਅੰਮ੍ਰਿਤ ਬਾਣੀ ਅਮਿਓ ਮਿੱਠੀ ਮਨ ਸੀਤਲਾਉਂਦੀ ਸਭਨਾ ਦਾ
ਵੰਡ ਕੇ ਇਸ ਦਾ ਚਾਨਣ, ਸਾਰਾ ਰੌਸ਼ਨ ਕਰ ਜਹਾਨ ਦਿਓ।
ਚੜ੍ਹ ਜਾਵੇ ਸਿੱਖੀ ਦਾ ਸੂਰਜ, ਐਸਾ ਗੁਰਮਤਿ ਗਿਆਨ ਦਿਓ।

• • • • •


www.AKJ.Org

# ਮਰਦ ਅਗੰਮੜਾ-ਅਦੁੱਤੀ ਜੋਧਾ

(ਵਲੋਂ-ਪ੍ਰੋ: ਸਾਹਿਬ ਸਿੰਘ ਜੀ, ਡੀ. ਲਿਟ.)

(੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਐਸੇ ਸਮੇਂ ਹੋਇਆ, ਜਦੋਂ ਭਾਰਤ ਵਰਸ਼ ਵਿਚ ਲਗ ਪਗ ਪੰਜ ਸੌ ਸਾਲਾਂ ਤੋਂ ਪੱਕੇ ਪੈਰਾਂ ਤੇ ਹੋਇਆ ਹੋਇਆ ਇਸਲਾਮੀ ਰਾਜ ਐਨ ਚੜ੍ਹਦੀਆਂ ਕਲਾਂ ਵਿਚ ਸੀ, 'ਵੱਸੋ ਅਤੇ ਵੱਸਣ ਦਿਉ' ਦੇ ਆਦਰਸ਼ ਤੋਂ ਡਿੱਗ ਕੇ ਧੱਕੇਸ਼ਾਹੀ ਅਤੇ ਜ਼ੁਲਮ ਉਤੇ ਤੁਲ ਬੈਠਾ ਸੀ।

ਸ਼ਾਹੀ ਕਰਮਚਾਰੀਆਂ ਵਲੋਂ ਪਹਿਲਾਂ ਭੀ ਬਥੇਰੀ ਮਨ-ਆਈ ਅਤੇ ਬੇਨਿਆਈਂ ਪਰਜਾ ਨਾਲ ਹੁੰਦੀ ਚਲੀ ਆ ਰਹੀ ਸੀ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹਾਲ ਦੱਸਦਿਆਂ ਲਿਖਿਆ ਹੈ:-

ਬਹੁ ਵਾਟੀਂ ਜਗਿ ਚੱਲੀਆਂ, ਜਬ ਹੀ ਭਏ ਮੁਹੰਮਦ ਯਾਰਾ।।
ਕੌਮ ਬਹੱਤਰ ਸੰਗਿ ਕਰਿ, ਬਹੁ ਬਿਧਿ ਵੈਰ ਵਿਰੋਧ ਪਸਾਰਾ।।
ਰੋਜ਼ੇ ਈਦ ਨਿਮਾਜ਼ ਕਰਿ, ਕਰਮੀ ਬੰਦਿ ਕੀਆ ਸੰਸਾਰਾ।।
ਪੀਰ ਪਿਕੰਬਰ ਔਲੀਏ, ਗੌਸ ਕੁਤਬ ਬਹੁ ਭੇਖ ਸਵਾਰਾ।।
ਠਾਕੁਰ-ਦੁਆਰੇ ਢਾਹਿ ਕੈ, ਤਿਹ ਠਉੜੀਂ ਮਸੀਤ ਉਸਾਰਾ।।
ਮਾਰਨਿ ਗਊ ਗਰੀਬ ਨੂੰ, ਧਰਤੀ ਉਪਰਿ ਪਾਪ ਬਿਥਾਰਾ।।
ਕਾਫਰ ਮੁਲਹਦ ਇਰਮਨੀ, ਰੂਮੀ ਜੰਗੀ ਦੁਸ਼ਮਨ ਦਾਰਾ।।
ਪਾਪੇ ਦਾ ਵਰਤਿਆ ਵਰਤਾਰਾ।।੨੦।।੧।।

ਪਰ ਹੁਣ ਸਿੱਧਾ ਬਾਦਸ਼ਾਹ ਔਰੰਗਜ਼ੇਬ ਵਲੋਂ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਣ ਅਤੇ ਹਿੰਦੂਆਂ ਦਾ ਖੁਰਾ-ਖੋਜ ਮਿਟਾਣ ਦਾ ਬੀੜਾ ਚੁੱਕਿਆ ਗਿਆ।

ਕੇਵਲ ਹਿੰਦੂਆਂ ਦਾ ਹੀ ਨਹੀਂ, ਸਗੋਂ ਸ਼ੀਆ ਮੁਸਲਮਾਨ ਭੀ, ਜਿਹੜੇ ਔਰੰਗਜ਼ੇਬ ਦੇ ਆਪਣੇ ਮਜ਼ਹਬ 'ਸੁੰਨੀ' ਦੇ ਵਿਰੋਧੀ ਸਨ, ਹਿੰਦੂਆਂ ਵਾਂਗ ਸੈਂਕੜਿਆਂ ਦੀ ਗਿਣਤੀ ਵਿਚ ਕਤਲ ਹੁੰਦੇ ਸਨ।

ਹਿੰਦੂ ਮਾਪਿਆਂ ਪਾਸੋਂ ਉਹਨਾਂ ਦੀਆਂ ਕੁਆਰੀਆਂ ਲੜਕੀਆਂ, ਭਰਾਵਾਂ ਪਾਸੋਂ ਉਹਨਾਂ ਦੀਆਂ ਜਵਾਨ ਭੈਣਾਂ, ਮਰਦਾਂ ਪਾਸੋਂ ਉਹਨਾਂ ਦੀਆਂ ਪਤਿਬ੍ਰਤ ਪਤਨੀਆਂ, ਧੱਕੇਸ਼ਾਹੀ ਨਾਲ ਖੋਹੀਆਂ ਜਾਂਦੀਆਂ ਸਨ। ਇਹਨਾਂ ਅੱਤਿਆਚਾਰਾਂ ਨੇ ਹਿੰਦੂਆਂ ਨੂੰ, ਜਿਹੜੇ ਅੱਗੇ ਹੀ ਸਦੀਆਂ ਦੀ ਗ਼ੁਲਾਮੀ ਦੇ ਕਾਰਨ ਕਾਇਰ ਹੋ ਚੁਕੇ ਸਨ, ਹੋਰ ਭੀ ਡਰਾਕਲ ਬਣਾ ਦਿੱਤਾ। ਹੁਣ ਕਿਸੇ ਛੋਟੇ ਜੋਧੇ ਦਾ ਕੰਮ ਨਹੀਂ ਸੀ ਕਿ ਅਜਿਹੇ ਕੱਟੜ ਭਿਆਨਕ ਰਾਜ ਦੇ ਵਿਰੁੱਧ ਬੋਲ ਸਕੇ।

(੨)

ਦੂਜੇ ਪਾਸੇ, ਗੁਰੂ ਗੋਬਿੰਦ ਸਿੰਘ ਜੀ ਵਲ ਭੀ ਵੇਖੋ। ਉਮਰ ਕੇਵਲ ਦਸ ਸਾਲਾਂ ਦੀ, ਨਾ ਕੋਈ ਨਾਲ ਸਲਾਹਕਾਰ, ਨਾ ਕੋਈ ਸੰਬੰਧੀ ਮਦਦਗਾਰ, ਨਾ ਕੋਈ ਫ਼ੌਜ ਜਾਂ ਲਸ਼ਕਰ, ਨਾ ਕਿਲ੍ਹਾ ਨ ਰਿਆਸਤ ਅਤੇ ਨ ਕੋਈ ਹੋਰ ਸਾਮਾਨ।

ਟਾਕਰੇ ਲਈ ਇਕ ਪਾਸੇ ਦੇਸ਼ ਦੀ ਵੱਡੀ ਤਾਕਤ ਦਾ ਮਾਲਕ ਕੱਟੜ ਔਰੰਗਜ਼ੇਬ ਤੁਲਿਆ ਬੈਠਾ ਹੈ, ਦੂਜੇ ਪਾਸੇ ਪਹਾੜੀ ਹਿੰਦੂ ਰਾਜਪੂਤ ਰਾਜੇ ਗੋਂਦਾ ਗੁੰਦ ਰਹੇ ਹਨ, ਤੀਜੇ ਪਾਸੇ ਘਰ ਦੇ ਭੇਤੀ ਬਾਬਾ ਧੀਰਮਲ ਅਤੇ ਰਾਮ ਰਾਇ ਦੁਸ਼ਮਨਾਂ ਨੂੰ ਸੋਆਂ ਦੇ ਰਹੇ ਹਨ, ਅਤੇ ਚੌਥੇ ਨਿੱਘਰੇ ਹੋਏ ਡਰਾਕਲ ਲੋਕ ਸਗੋਂ ਰਾਹ ਵਿਚ ਰੋੜੇ ਅਟਕਾ ਕੇ ਰਾਜ਼ੀ ਹਨ।

ਪਰ ਸਤਿਗੁਰੂ ਜੀ ਨੇ ਸਮਝ ਲਿਆ ਸੀ ਕਿ ਇਹਨਾਂ ਡਰਾਕਲ ਤੇ ਕਾਇਰ ਲੋਕਾਂ ਵਿਚੋਂ ਹੀ ਜੋਧੇ ਬਣਨੇ ਹਨ, ਬੀਰ ਸੂਰਮੇ ਕਿਤੋਂ ਹੋਰ ਬਾਹਰੋਂ ਨਹੀਂ ਆਉਣੇ। ਸਤਿਗੁਰੂ ਜੀ ਨੇ ਇਹਨਾਂ ਗਿੱਦੜਾਂ ਤੇ ਕਾਇਰਾਂ ਵਿਚੋਂ ਹੀ ਸ਼ੇਰ ਬਣਾਏ ਅਤੇ ਚਿੜੀਆਂ ਤੋਂ ਬਾਜ ਤੁੜਾਏ।

ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ-ਸ਼ਕਤੀ ਦਾ ਜ਼ਿਕਰ ਇਕ ਕਵੀ ਇਉਂ ਕਰਦਾ ਹੈ :-

ਉਹ ਗੁਰੂ ਗੋਬਿੰਦ ਹੁਇ ਪ੍ਰਗਟਿਆ, ਦਸਵੇਂ ਅਵਤਾਰਾ।
ਜਿਨਿ ਅਲਖੁ ਅਕਾਲੁ ਨਿਰੰਜਨਾ, ਜਪਿਓ ਕਰਤਾਰਾ।।
ਜਿਨਿ ਪੰਥੁ ਚਲਾਇਓ ਖਾਲਸਾ, ਧਰਿ ਤੇਜੁ ਕਰਾਰਾ।
ਸਿਰਿ ਕੇਸ ਧਾਰਿ, ਗਹਿ ਖੜਗ ਕਉ ਪਹਰਿ,ਪਕੜੇ ਹਥਿਆਰਾ।
ਸਚ ਫਤਹ ਬੁਲਾਈ ਗੁਰੂ ਕੀ, ਜੀਤਜੇ ਰਣੁ ਭਾਰਾ।।
ਸਭ ਦੈਤ ਅਰਿਨ ਕਉ ਘੇਰਿ ਕਰਿ, ਕੀਓ ਪਹਿਹਾਰਾ।
ਤਬ ਸਹਜੇ ਪ੍ਰਗਟਿਓ ਜਗਤ ਮਹਿ, ਗੁਰ ਜਾਪੁ ਅਪਾਰਾ।।
ਇਉਂ ਉਪਜੇ ਸਿੰਘ ਭੁਜੰਗੀਏ, ਨੀਲ ਅੰਬਰ ਧਾਰਾ।
ਤੁਰਕ ਦੁਸ਼ਟ ਸਭ ਖੈ ਕੀਏ, ਹਰਿ ਨਾਮੁ ਉਚਾਰਾ।।
ਤਿਨ ਆਗੈ ਕੋਇ ਨ ਠਹਰਿਓ, ਭਾਗੇ ਸਿਰਦਾਰਾ।
ਤਹ ਰਾਜੇ ਸ਼ਾਹ ਅਮੀਰੜੇ, ਹੋਏ ਸਭ ਛਾਰਾ।।
ਫਿਰਿ ਸੁਨਿ ਕਰਿ ਐਸੀ ਧਮਕ ਕਉ, ਕਾਂਪੇ ਗਿਰਿ ਭਾਰਾ।
ਤਬ ਸਭ ਧਰਤੀ ਹਲਚਲ ਭਈ, ਛਾਡੇ ਘਰਬਾਰਾ।।
ਗਹਿ ਐਸੇ ਦੁੰਦ ਕਲੇਸ਼ ਮਹਿ, ਖਪਿਓ ਸੰਸਾਰਾ।
ਤਹ ਬਿਨੁ ਸਤਿਗੁਰ ਕੋ ਨਹੀਂ, ਭੈ ਕਾਟਣਹਾਰਾ।।
ਇਉਂ ਐਸੇ ਖੜਗੁ ਦਿਖਾਈਐ, ਕੋ ਸਕੈ ਨ ਝੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁ ਚੇਲਾ।।੧੫।।


www.AKJ.Org

ਉਹਨਾਂ ਲੋਕਾਂ ਨੇ ਹੀ, ਜਿਹੜੇ ਬਿਲਕੁਲ ਨਕਾਰੇ ਤੇ ਨਿਰਬਲ ਹੋ ਚੁਕੇ ਸਨ, ਅੰਮ੍ਰਿਤ ਦੀ ਸ਼ਕਤੀ ਨਾਲ ਬੜੇ ਬੜੇ ਮੁਗ਼ਲ ਜਰਨੈਲਾਂ ਦੇ ਮੂੰਹ ਭਵਾ ਦਿੱਤੇ। ਉਹਨਾਂ ਦੇ ਵਿਚੋਂ ਹੀ ਬਾਬਾ ਦੀਪ ਸਿੰਘ ਜਿਹੇ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਜਿਹੇ ਅਨੇਕਾਂ ਸੂਰਮੇ ਰਣਾਂ ਵਿਚ ਆਹੂ ਲਾਹਣ ਵਾਲੇ ਨਿੱਤਰ ਪਏ। ਚਮਕੌਰ ਦੀ ਇਕ ਨਿੱਕੀ ਜਿਹੀ ਹਵੇਲੀ ਵਿਚ ਸਿਰਫ਼ ਚਾਲੀ ਸਿੰਘਾਂ ਨੇ ਦਸ ਲਖ ਵੈਰੀ-ਦਲ ਦਾ ਜੋ ਟਾਕਰਾ ਕੀਤਾ,ਉਸ ਦੀ ਮਿਸਾਲ ਦੁਨੀਆਂ ਵਿਚ ਅਜੇ ਤਕ ਨਹੀਂ ਮਿਲਦੀ।

ਸਵਾ ਲਾਖ ਸੇ ਏਕ ਲੜਾਊਂ।
ਤਬੀ ਗੋਬਿੰਦ ਸਿੰਘ ਨਾਮ ਕਹਾਊਂ।

ਇਸ ਵਾਕ ਨੂੰ ਕਲਗੀਧਰ ਪਾਤਸ਼ਾਹ ਨੇ ਸਾਰੀ ਦੁਨੀਆਂ ਦੇ ਸਾਹਮਣੇ ਸੂਰਜ ਵਾਂਗ ਰੌਸ਼ਨ ਕਰ ਦਿੱਤਾ। ਔਰੰਗਜ਼ੇਬ ਵਲ ਭੇਜੇ 'ਜ਼ਫ਼ਰਨਾਮੇ' ਵਿਚ ਸਤਿਗੁਰੂ ਜੀ ਨੇ ਚਮਕੌਰ ਦੇ ਇਸ ਅਦੁੱਤੀ ਕਾਰਨਾਮੇ ਦਾ ਇਉਂ ਜ਼ਿਕਰ ਕੀਤਾ ਹੈ :-

ਗੁਰਸਨਹ ਚਿਹ ਕਾਰੇ ਕੁਨਦ ਚਿਹਲ ਨਰ ਕਿ ਦਹ ਲਖ ਬਰਾਯਦ ਬਰ ਬ-ਖ਼ਬਰ।।੧੯।।
ਹਮਾਖ਼ਿਰ ਚਿਹ ਮਰਦੀ ? ਕੁਨਦ ਕਾਰਜ਼ਾਰ। ਕਿ ਬਰ ਚਿਹਲ ਤਨ ਆਯਦਸ਼ ਬੇ-ਸ਼ੁਮਾਰ।।੪੧।।

(੩)

ਮਹਾਂ ਭਾਰਤ ਜੁੱਧ ਸਾਰੇ ਸੰਸਾਰ ਦੇ ਇਤਿਹਾਸ ਵਿਚ ਉੱਘਾ ਅਤੇ ਸੂਰਮਤਾਈ ਨਾਲ ਭਰਪੂਰ ਮੰਨਿਆ ਜਾਂਦਾ ਹੈ ਪਰ ਉਸ ਵਿਚ ਪਾਂਡਵਾਂ ਦਾ ਜਿੱਤਣਾ ਕੋਈ ਅਨੋਖੀ ਗੱਲ ਨਹੀਂ ਸੀ। ਸ੍ਰੀ ਕ੍ਰਿਸ਼ਨ ਜੀ ਜਿਹੇ ਸਲਾਹਕਾਰ, ਅਰਜਨ ਜਿਹੇ ਨੀਤੀ-ਵੇਤਾ, ਭੀਮ ਜਿਹੇ ਬਲੀ, ਲੱਖਾਂ ਹੋਰ ਮਦਦਗਾਰ, ਰਥਾਂ ਘੋੜਿਆਂ ਤੀਰਾਂ ਕਮਾਨਾਂ ਦੇ ਸਾਮਾਨ ਉਹਨਾਂ ਦੇ ਨਾਲ ਸਨ। ਮੁਕਾਬਲਾ ਕੇਵਲ ਆਪਣੇ ਹੀ ਤਾਏ ਚਾਚੇ ਦੇ ਪੁੱਤਰ ਭਰਾਵਾਂ 'ਕੌਰਵਾਂ' ਨਾਲ ਹੀ ਸੀ।

ਪਰ ਅਸੀਂ ਹੁਣੇ ਹੀ ਵੇਖ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇਸ ਦੀ ਕਿਤਨੀ ਡਾਢੀ ਭਿਆਨਕ ਹਾਲਤ ਸੀ। ਸਤਿਗੁਰੂ ਜੀ ਦੇ ਨਾਲ ਕੋਈ ਉੱਚੇ ਤਜਰਬੇ ਵਾਲੇ ਸਹਾਇਕ ਨਹੀਂ ਸਨ, ਕੋਈ ਸਾਮਾਨ ਨਹੀਂ ਸੀ। ਫਿਰ ਭੀ ਸਿਰਫ਼ ਪਰਮੇਸ਼ਵਰ ਤੇ ਭਰੋਸਾ ਰੱਖ ਕੇ ਹੌਸਲੇ ਤੇ ਧੀਰਜ ਨਾਲ ਮੁਗ਼ਲਾਂ ਜਿਹੀਆਂ ਕੱਟੜ ਲੱਖਾਂ ਫ਼ੌਜਾਂ ਦਾ ਮੁਕਾਬਲਾ ਕਰ ਕੇ, ਜਿਤਾਂ ਪ੍ਰਾਪਤ ਕਰਨੀਆਂ ਦੁਨੀਆਂ ਦੇ ਇਤਿਹਾਸ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ।

ਉਹੀ ਕਵੀ ਸਤਿਗੁਰੂ ਜੀ ਦੀ ਬੀਰਤਾ ਦੀ ਇਸ ਉੱਚੀ ਬੇ-ਮਿਸਾਲ ਸ਼ਾਨ ਨੂੰ ਵੇਖ ਕੇ ਇਉਂ ਲਿਖਦਾ ਹੈ :-

ਪ੍ਰਾਣ-ਮੀਤ ਪਰਮਾਤਮਾ ਪੁਰਖੋਤਮ ਪੂਰਾ।
ਹਰਿ ਦੇਖਨਹਾਰਾ ਪਾਤਿਸ਼ਾਹ ਪ੍ਰਤਿਪਾਲ ਨ ਊਰਾ।।
ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ, ਗੁਰੂ ਗੋਬਿੰਦ ਸੂਰਾ।
ਵਹਿ ਅਨਦ ਬਿਨੋਦੀ ਚੋਜੀਆ, ਸਤਿਗੁਰੁ ਭਰਪੂਰਾ।।
ਵਹਿ ਨਿਸਦਿਨ ਹਰਿਗੁਣ ਗਾਈਐ, ਸਚ ਸੱਚੀ ਵੇਲਾ। ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁ ਚੇਲਾ।।੧੪।।

(੪)

ਸੱਚੇ ਜੋਧੇ ਦੇ ਆਦਰਸ਼ ਹੁੰਦੇ ਹਨ ਬੀਰਤਾ, ਜਿਗਰਾ ਕੁਰਬਾਨੀ ਅਤੇ ਨੇਕ-ਨੀਅਤੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰਤਾ ਦਾ ਥੋੜਾ ਕੁ ਦਰਸ਼ਨ ਅਸਾਂ ਕਰ ਲਿਆ ਹੈ। ਹੁਣ ਵੇਖੋ ਜਿਗਰਾ ਅਤੇ ਕੁਰਬਾਨੀ। ਦਸ ਸਾਲਾਂ ਦੀ ਉਮਰ ਵਿਚ ਪਿਤਾ ਨੂੰ ਕੁਰਬਾਨੀ ਲਈ ਤੋਰ ਦੇਣਾ, ਆਪਣੀ ਹੱਥੀਂ ਸ਼ਹੀਦੀ ਗਾਨਾ ਬੰਨ੍ਹ ਕੇ ਆਪਣੇ ਵੱਡੇ ਦੋਹਾਂ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਚਮਕੌਰ ਦੇ ਜੁੱਧ ਲਈ ਤੋਰ ਦੇਣਾ, ਦੋਹਾਂ ਜਿਗਰ ਦੇ ਟੁਕੜਿਆਂ ਫ਼ਤਹ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਕੰਧਾਂ ਵਿਚ ਚਿਣਵਾ ਕੇ ਇਕ ਹੰਝੂ ਨ ਕੇਰਨਾ, ਦੁਨੀਆਂ ਦੇ ਕਿਸੇ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। ਇਸ ਜੋਧੇ ਦੀ ਮਿਸਾਲ, ਬੱਸ ! ਇਹ ਆਪ ਹੀ ਹੈ। ਰੱਬੀ ਰਜ਼ਾ ਤੇ ਪਹਾੜ ਵਾਂਗ ਅਟੱਲ ਰਹਿਣਾ-ਇਹ ਕਲਗੀਧਰ ਪਾਤਸ਼ਾਹ ਦਾ ਹੀ ਕੰਮ ਸੀ। ਜਦੋਂ ਸਾਰੇ ਸਰਬੰਸ ਵਾਰੇ ਜਾਣ ਦੀ ਖ਼ਬਰ ਸੁਣੀ, ਤਾਂ ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਦੀਨੇ ਪਿੰਡ ਤੋਂ 'ਜ਼ਫ਼ਰਨਾਮਾ' ਲਿਖ ਕੇ ਭੇਜਿਆ। ਉਸ ਨੂੰ ਪੜ੍ਹ ਕੇ ਵੇਖੋ, ਇਕ ਇਕ ਸ਼ੇਅਰ ਵਿਚ ਬੇ-ਮਿਸਾਲ ਮਰਦਾਨਗੀ ਤੇ ਜਿਗਰਾ ਲਿਸ਼ਕਾਂ ਮਾਰ ਰਿਹਾ ਹੈ। ਹਜ਼ੂਰ ਲਿਖਦੇ ਹਨ:-

ਹੁਮਾ ਰਾ ਕਸੇ ਸਾਯਾ ਆਯਦ ਬ-ਜ਼ੇਰ।
ਬਰੋ ਦਸਤ ਦਾਰਦ ਨ ਜ਼ਾਗ਼ੋ ਦਲੇਰ।।੧੬।।
ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ।
ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ।।੧੭।।
ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਾ ਮਾਰ।।੭੮।।
ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਸ਼ ਦਮਾਂ ਰਾ ਫ਼ਰੋਜ਼ਾਂ ਕੁਨੀ।।੭੯।।
ਚੁ ਹੱਕ ਯਾਰ ਬਾਸ਼ਦ ਚਿਹ ਦੁਸ਼ਮਨ ਕੁਨਦ।
ਅਗਰ ਦੁਸ਼ਮਨੀ ਰਾ ਬ-ਸਦ ਤਨ ਕੁਨਦ।।੧੦੭।।

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰੱਦ।
ਨ ਯਕ ਮੂਏ ਊ ਗ ਆਜ਼ਾਰ ਆਵੁਰੱਦ।।੧੦੮।।

ਸਾਰਾ ਹੀ ਪਰਵਾਰ ਕੁਰਬਾਨ ਕਰਾ ਕੇ ਭੀ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਜਿਸ ਦੇ ਸਿਰ ਉਤੇ ਹੁਮਾ ਦਾ ਸਾਇਆ ਹੋਵੇ, ਉਸ ਉਤੇ ਕੋਈ ਕਾਂ ਦਲੇਰੀ ਕਰ ਕੇ ਹੱਥ ਨਹੀਂ ਪਾ ਸਕਦਾ, ਜਿਸ ਨੇ ਸ਼ੇਰ ਦਾ ਆਸਰਾ ਲਿਆ ਹੋਵੇ, ਉਸ ਦੇ ਰਸਤੇ ਵਿਚ ਬੱਕਰੀ ਭੇਡ ਆਦਿਕ ਕੋਈ ਰੋਕ ਨਹੀਂ ਪਾ ਸਕਦੇ। ਤੂੰ ਅਤੇ ਤੇਰੇ ਜਰਨੈਲ ਮੇਰੇ ਚਾਰ ਪੁੱਤਰ ਮਾਰ ਕੇ ਫ਼ਖ਼ਰ ਕਰਦੇ ਹੋਣਗੇ, ਪਰ ਤੁਸਾਂ ਆਪਣੇ ਵਿਰੁੱਧ ਜਨਤਾ ਦੇ ਦਿਲਾਂ ਵਿਚ ਅੱਗ ਦੇ ਭਾਂਬੜ ਮਚਾ ਲਏ ਹਨ। ਜਿਸ ਦੇ ਸਿਰ ਉਤੇ ਅਕਾਲ ਪੁਰਖ ਰਾਖਾ ਹੋਵੇ, ਦੁਸ਼ਮਨ ਸਾਰਾ ਟਿੱਲ ਲਾ ਕੇ ਭੀ ਉਸ ਦਾ ਵਾਲ ਭੀ ਵਿੰਗਾ ਨਹੀਂ ਕਰ ਸਕਦਾ।

(੫)

ਕਲਗੀਧਰ ਪਾਤਸ਼ਾਹ ਜੀ ਦੀ ਬੀਰਤਾ, ਜਿਗਰੇ ਅਤੇ ਕੁਰਬਾਨੀ ਦਾ ਵੰਨਗੀ ਮਾਤਰ ਦੀਦਾਰ ਅਸੀਂ ਕਰ ਚੁਕੇ ਹਾਂ। ਹੁਣ ਵੇਖੋ ਉਹਨਾਂ ਦੀ ਆਤਮਕ ਉਦਾਰਤਾ (Noble Foe)। ਸਾਊ ਦੁਸ਼ਮਨ ਦੀ ਪਦਵੀ ਤੋਂ ਭੀ ਦੂਰ ਉੱਚੇ ਲੰਘ ਗਏ ਹਨ। ਗੁਰੂ ਅਰਜਨ ਸਾਹਿਬ ਨੇ ਆਤਮਕ ਉਦਾਰਤਾ ਬਾਰੇ ਮਨੁੱਖਤਾ ਦਾ ਆਦਰਸ਼ ਪੇਸ਼ ਕਰਦਿਆਂ ਫੁਰਮਾਇਆ :-

ਕਰਿ ਕਿਰਪਾ ਦੀਓ ਮੋਹਿ ਨਾਮਾ,
ਬੰਧਨ ਤੇ ਛੁਟਕਾਏ।।
ਮਨ ਤੇ ਬਿਸਰਿਓ ਸਗਲੋ ਧੰਧਾ,
ਗੁਰ ਕੀ ਚਰਣੀ ਲਾਏ।।੧।।
ਸਾਧ ਸੰਗਿ ਚਿੰਤ ਬਿਰਾਨੀ ਛਾਡੀ।।
ਅਹੰਬੁਧਿ ਮੋਹ ਮਨ ਬਾਸਨ,
ਦੇ ਕਰਿ ਗਡਹਾ ਗਾਡੀ ।।੧।।ਰਹਾਉ।।
ਨਾ ਕੋ ਮੇਰਾ ਦੁਸਮਨੁ ਰਹਿਆ,
ਨਾ ਹਮ ਕਿਸ ਕੇ ਬੈਰਾਈ।।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ,
ਸਤਿਗੁਰ ਤੇ ਸੋਝੀ ਪਾਈ।।੨।।
ਸਭੁ ਕੋ ਮੀਤੁ ਹਮ ਆਪਨ ਕੀਨਾ,
ਹਮ ਸਭਨਾ ਕੇ ਸਾਜਨ।।
ਦੂਰਿ ਪਰਾਇਓ ਮਨ ਕਾ ਬਿਰਹਾ,
ਤਾ ਮੇਲੁ ਕੀਓ ਮੇਰੈ ਰਾਜਨ।।੩।।
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ,
ਸਬਦੁ ਲਗੋ ਗੁਰ ਮੀਠਾ।।
ਜਲਿ ਥਲਿ ਮਹੀਅਲਿ ਸਰਬ ਨਿਵਾਸੀ,
ਨਾਨਕ ਰਮਈਆ ਡੀਠਾ।।੪।।੩।।

(ਧਨਾਸਰੀ ਮ: ੫ ) (੬੭੧)

ਰਣ-ਭੂਮੀ ਵਿਚ ਤਲਵਾਰ ਫੜ ਕੇ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਦਰਸ਼ ਨੂੰ ਸਦਾ ਆਪਣੇ ਸਾਹਮਣੇ ਰੱਖਿਆ। ਕਦੇ ਭੀ ਕੋਈ ਧੋਖਾ ਜਾਂ ਚਲਾਕੀ ਨਹੀਂ ਕੀਤੀ। ਪਹਾੜੀ ਰਾਜੇ ਸਤਿਗੁਰੂ ਜੀ ਦੇ ਜਾਨੀ ਵੈਰੀ ਸਨ, ਭੰਗਾਣੀ ਦੇ ਜੁੱਧ ਵਿਚ ਉਹਨਾਂ ਦੀ ਨੀਯਤ ਸਾਫ਼ ਉੱਘੜ ਪਈ ਸੀ। ਪਰ ਜਦੋਂ ਕਦੇ ਉਹਨਾਂ ਉਤੇ ਮੁਗ਼ਲ ਹਾਕਮ ਵਲੋਂ ਜਬਰ ਹੋਇਆ, ਸਤਿਗੁਰੂ ਜੀ ਨੇ ਸਦਾ ਉਹਨਾਂ ਦੀ ਬਾਂਹ ਫੜੀ। ਗੁਰੂ ਪਾਤਸ਼ਾਹ ਦੇ ਪਾਸ ਸ਼ਿਕਾਇਤ ਹੋਈ ਸੀ ਕਿ ਭਾਈ ਘਨੱਈਆ ਜੀ ਰਣ-ਭੂਮੀ ਵਿਚ ਦੋਸਤਾਂ ਦੁਸ਼ਮਨਾਂ ਦੋਹਾਂ ਧਿਰਾਂ ਦੇ ਫਟੜਾਂ ਨੂੰ ਪਾਣੀ ਪਿਲਾਂਦੇ ਹਨ, ਸਤਿਗੁਰੂ ਜੀ ਬਹੁਤ ਹੀ ਖ਼ੁਸ਼ ਹੋਏ ਸਨ। ਉਹਨਾਂ ਦਾ ਵੈਰ ਕਿਸੇ ਹਿੰਦੂ ਜਾਂ ਮੁਸਲਮਾਨ ਨਾਲ ਨਹੀਂ ਸੀ। ਇਹੀ ਨਿਰਵੈਰਤਾ ਸੀ ਜਿਸ ਨੇ ਗ਼ਨੀ ਖ਼ਾਂ ਨਬੀ ਖ਼ਾਂ ਨੂੰ ਖਿੱਚ ਕੇ ਲਿਆਂਦਾ ਸੀ, ਤੇ ਬੜੇ ਬਿਖੜੇ ਸਮੇਂ ਉਹਨਾਂ ਨੂੰ ਗੁਰੂ ਪਾਤਸ਼ਾਹ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਸੀ। ਸਤਿਗੁਰੂ ਜੀ ਬਿਨਾਂ ਕਿਸੇ ਜਾਤ ਪਾਤ ਦੇ ਪੱਖ ਦੇ ਧਰਮੀਆਂ ਦੇ ਸਹਾਇਕ ਸਨ ਅਤੇ ਅਧਰਮ ਦੇ ਵਿਰੋਧੀ ਸਨ। ਆਪਣਾ ਇਹ ਆਦਰਸ਼ ਉਹ ਆਪ ਸਾਫ਼ ਲਫ਼ਜ਼ਾਂ ਵਿਚ ਇਉਂ ਦੱਸਦੇ ਹਨ :-

ਇਹੈ ਕਾਜ ਧਰਾ ਹਮ ਜਨਮੰ।।
ਸਮਝਿ ਲੇਹੁ ਸਾਧੁ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭ ਕੋ ਮੂਲ ਉਪਾਰਨ।।

---

(ਪੰਨਾ ੭ ਦਾ ਬਾਕੀ ..)

ਜੇ ਸਿਖ ਜਗਿਆਸਣ ਪਰਮਾਰਥ ਦੀ ਪਾਂਧਣ ਧਨ ਇਸਤ੍ਰੀ ਹਰ ਪ੍ਰਕਾਰੀ ਹੁਕਮ ਰਜ਼ਾ ਮੰਨਦੀ ਹੋਈ, ਖਸਮ ਦੀ ਪੂਰਨ ਆਗਿਆਕਾਰੀ ਬਣਦੀ ਹੋਈ, ਰਜ਼ਾਈ ਵਾਹਿਗੁਰੂ ਦੀ ਰਜ਼ਾ ਵਿਚ ਪੂਰੀ ਪੂਰੀ ਉਤਰੇ ਤਾਂ ਉਹ ਸੋਭਾ ਸੇਤੀ ਖਸਮ ਦੇ ਦਰ ਘਰੀਂ ਮਹਲਾਂ ਵਿਖੇ ਬੁਲਾਈ ਜਾਂਦੀ ਹੈ। ਇਕ ਬਿਲਮ ਨਹੀਂ ਲਗਦੀ।

ਯਥਾ ਗੁਰਵਾਕ :-

ਜੋ ਧਨ ਖਸਮੈ ਚਲੈ ਰਜਾਈ।।
ਦਰਿ ਘਰਿ ਸੋਭਾ ਮਹਲਿ ਬੁਲਾਈ।।

(ਸਲੋਕ ਮ: ੩, ਪੰਨਾ ੮੫)

('ਅਣਡਿਠੀ ਦੁਨੀਆਂ ਵਿਚੋਂ')


www.AKJ.Org

# ਨਹੀਂ ਮੋ ਸੇ ਗਰੀਬ ਕਰੋਰ ਪਰੇ

(ਗੁਰਦੇਵ ਸਿੰਘ ਲਹਿਰ)

ਸਾਹਿਬੇ ਕਮਾਲ ਯੁਗ ਪੁਰਸ਼ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੇ ਗਿਆਨ ਪ੍ਰਬੋਧ ਗ੍ਰੰਥ ਦੇ ਇਕ ਸਵੈਯੇ ਵਿਚ ਉਚਾਰੇ ਗਏ ਸ਼ਬਦ ਵਿਚਲੀ ਇਹ ਪੰਕਤੀ 'ਨਹੀ ਮੋ ਸੇ ਗਰੀਬ ਕਰੋਰ ਪਰੇ' ਬੜੀ ਅਹਿਮ, ਉਚਤਮ ਤੇ ਦੁਰਲਭ ਗੱਲ ਕਹਿਣ ਦਾ ਹੀਆ ਕਿਸੇ ਪੂਰਨ ਆਤਮਾ ਤੇ ਸੰਮਰਥ ਗੁਰੂ ਪੀਰ ਬ੍ਰਹਮਲੀਨ ਦੀ ਸ਼ਖਸ਼ੀਅਤ ਰਾਹੀ ਹੀ ਫਰਮਾਏ ਜਾਣੇ ਸੰਭਵ ਸਨ। ਉਨ੍ਹਾਂ ਨੇ ਕੇਵਲ ੪੨ ਸਾਲਾਂ ਦਾ ਅਲਪ ਸਫ਼ਰ ਸੰਸਾਰ ਵਿਚ ਕੀਤਾ ਪਰ ਵਿਸ਼ਾਲ ਤੇ ਬੇਅੰਤ ਬਿਖੜੇ ਇਤਹਾਸ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ। ਤੇ ਰੀਕਾਰਡ ਬੁਲੰਦੀ ਤੇ ਪਹੁੰਚਾ ਦਿੱਤਾ। ਹਾਂ ਅਜਿਹੀ ਨਾਯਾਬ ਕਰਾਂਤੀਕਾਰੀ ਜੁੰਬਸ਼ ਪਿਛੇ ਸਰਬੰਸ ਵਾਰਨ ਦਾ ਇਤਿਹਾਸ ਪੁਸ਼ੀਦਾ ਹੈ। ਗੁਰੂ ਦਰਬਾਰ ਵਿਚ ੫੨ ਕਵੀਆਂ ਦੀ ਇਹ ਮਹਿਫ਼ਲ ਸੀ ਜਿਨਾਂ ਨੇ ਪੁਰਾਤਨ ਇਤਹਾਸ ਨੂੰ ਨਵੀਂ ਰੂਹ ਦਿੱਤੀ। ਸਾਹਿਤਕ ਰਚਨਾਵਲੀ ਫਲੀ ਭੂਤ ਕੀਤੀ ਉਹਦੇ ਕਾਗਜਾਂ ਦਾ ਭਾਰ ੯ ਮਣ ਦੱਸਿਆ ਜਾਂਦਾ ਹੈ। ਇਹ ਗਲ ਨੀਗਰ ਹੈ ਕਿ ਸਮੇਂ ਦੀ ਭਿਆਨਕ ਰਦੋ ਬਦਲ ਅਤੇ ਸਮੇਂ ਦੇ ਘਟਨਾ ਚਕਰਾਂ ਵਿੱਚ ਇਹ ਅਦੁੱਤੀ ਸਾਹਿਤਕ ਖਜਾਨਾ ਸਰਸਾ ਨਦੀ ਦੀ ਭੇਂਟ ਚੜ ਗਿਆ ਤੇ ਨੇਸਤੋ ਨਾਬੂਦ ਹੋ ਗਿਆ। ਇਨ੍ਹਾਂ ੫੨ ਕਵੀਆਂ ਦੀ ਗਗਨ ਛੋਂਹਦੀ ਸੋਚ ਉਡਾਰੀ ਦੀ ਇਕ ਵੰਨਗੀ ਸੰਤੁਸ਼ਟੀ ਦਾ ਘਰ ਪੂਰਾ ਕਰ ਦੇਂਦੀ ਹੈ। ਇਸ ਦਿੱਖ ਦਾ ਮਲਾਹਜ਼ਾ ਧੰਨਤਾ ਯੋਗ ਕਵੀ ਭਾਈ ਨੰਦ ਲਾਲ ਗੋਯਾ ਜੀ ਤੋਂ ਬਖੂਬੀ ਲਾਈ ਜਾ ਸਕਦੀ ਹੈ ਇਹ ਕਲਾਮ ਫ਼ਾਰਸੀ ਅਲਫ਼ਾਜ਼ ਵਿਚ ਅੰਕਤ ਹੈ ਪੇਸ਼ਿ ਖਿਦਮਤ ਹੈ :

'ਦੀਨ ਦੁਨੀਆਂ ਬਰ ਕਮੰਦੇ ਆਂ ਪਿਰੀ ਰੁਖਸਾਰਿ ਮਾ।
ਹਰ ਦੋ ਆਲਮ ਕੀਮਤ ਯਕ ਤਾਰਿ ਮੂਏ ਯਾਰ ਮਾ।'

ਦਸਮੇਸ਼ ਪਿਤਾ ਦੇ ਇਕ ਪਵਿਤਰ ਵਾਲ ਦਾ ਮੁਲ ਦੋਹਾਂ ਜਹਾਨਾਂ ਦੀ ਵਿਸ਼ੇਸ਼ ਕੀਮਤ ਦੇ ਤੁਲ ਸੀ। ਫੇਰ ਸਮੁੱਚੀ ਸ਼ਖਸ਼ੀਅਤ ਦੀ ਅਜ਼ਮਤ ਦਾ ਕਿਆਫ਼ਾ ਕਿਵੇਂ ਲਾਇਆ ਜਾ ਸਕਦਾ ਹੈ। ਅਣਗਿਣਤ ਕਾਗਜਾਂ ਵਿੱਚ ਪੁਰਾਤਨ ਵਿਰਸਾ ਕਿੰਨਾ ਕੁ ਅਖ਼ਜ਼ ਹੋਇਆ ਹੋਵੇਗਾ ਅਨੁਭਵ ਕਰਨਾ ਹੀ ਨਾ ਮੁਮਕਿਨ ਹੈ। ਕੋਈ ਬੜੇ ਤੋਂ ਬੜਾ ਔਲੀਆ ਵੀ ਇਸ ਗੌਰਵਮਈ ਵਿਰਸੇ ਦਾ ਤਤਸਾਰ ਵੀ ਅੰਕਤ ਨਹੀਂ ਕਰ ਸਕਦਾ।

ਸੰਸਾਰ ਦੇ ਚਾਰਾਂ ਯੁੱਗਾਂ ਦੇ ਵਿਸ਼ਾਲ ਇਤਹਾਸ ਵਿਚ ਕਿਧਰੇ ਸੰਕੇਤ ਨਹੀਂ ਮਿਲਦਾ ਕਿ ਇਸ ਕੂੜੀ ਦੁਨੀਆਂ ਤੋਂ ਸਦਾ ਦੀ ਨੀਂਦ ਸੁਤਿਆਂ ਜਣਿਆਂ ਵਿੱਚ ਕਿਸੇ ਨੇ ਵੀ ਇੰਨਾ ਬੁਲੰਦ ਰੁਤਬਾ ਹਾਸਲ ਕੀਤਾ ਹੋਵੇ ਜਿੰਨਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਰ ਵਖਾਇਆ। ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ ਦੋ ਤਾਂ ਦੀਦਾ ਦਾਨਿਸਤਾ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦੀ ਜਾਮ ਪੀਹਨ ਗਏ ਤੇ ਦੋ ਛੋਟੇ ਦੁਲਾਰੇ ੯ ਤੇ ੭ ਸਾਲਾਂ ਦੀ ਆਯੂ ਵਿਚ ਹੀ ਕੰਧਾਂ ਵਿਚ ਚਿਣਵਾਏ ਗਏ ਹੋਣ। ਉਹਨਾਂ ਦਾ ਸ਼ਖਸ਼ੀ ਜੀਵਨ ਵੀ ਬੜਾ ਮੁਨੱਵਰ ਸੀ। ਜਦੋਂ ਦਸਮੇਸ਼ ੯ ਵਰ੍ਹਿਆਂ ਦੇ ਹੋਏ ਤਾਂ ਆਪਣੇ ਲਾਸਾਨੀ ਪਿਤਾ ਗੁਰੂ ਤੇਗ ਬਹਾਦਰ ਨੂੰ ਅਭੁੱਲ ਤੇ ਲਾ ਮਿਸਾਲ ਕੁਰਬਾਨੀ ਦੇਣ ਖ਼ਾਤਰ ਤੋਰਨਾ ਅਜ਼ੀਮ ਅਜਮਤ ਵਲ ਹੀ ਸੰਕੇਤ ਹੈ। ਜਗਤ ਬਾਬਾ ਨਾਨਕ ਬਚਪਨ ਵਿੱਚ ਸੂਤ ਦੇ ਧਾਗਿਆਂ ਨਾਲ ਤਿਆਰ ਕੀਤੇ ਜੰਞੂ ਨੂੰ ਅੰਗੀਕਾਰ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਜੰਞੂ ਤਾਂ ਮੈਲਾ ਹੋ ਸਕਦਾ ਹੈ ਤੇ ਟੁੱਟ ਵੀ ਸਕਦਾ ਹੈ ਸਥਾਈ ਰਹਿਣ ਵਾਲਾ ਜੰਞੂ ਹੀ ਅੰਗੀਕਾਰ ਕੀਤਾ ਜਾ ਸਕਦਾ ਹੈ। ਰਿਵਾਜਨ ਇਹੀ ਜੰਞੂ ਧਾਰਨ ਕਰਨ ਵਾਲੇ ਮੁਰੀਦਾਂ ਕਸ਼ਮੀਰੀ ਪੰਡਤਾਂ ਦਾ ਵਫਦ ਦੀ ਬੇਨਤੀ ਤੇ ਫੁਲ ਚੜ੍ਹਾਵਣ ਲਈ ਪਿਤਾ ਨੂੰ ਆਪਣਾ ਸੀਸ ਕਲਮ ਬੰਦ ਕਰਵਾਉਣਾ ਪਿਆ।

ਉਹਨਾਂ ਦੀ ਆਪਣੀ ਜਨਨੀ ਮਾਤਾ ਗੁਜਰੀ ਜੀ ਨੂੰ ਸਰਹੰਦ ਦੇ ਠੰਢੇ ਬੁਰਜ ਵਿਚ ਤਸੀਹੇ ਝਲਣੇ ਪਏ ਫੇਰ ਲੁਤਫ਼ ਦੀ ਗੱਲ ਇਹ ਕਿ ਏਨੀਆਂ ਮਹਾਨ ਸ਼ਹਾਦਤਾਂ ਦੇਣ ਉਪਰੰਤ ਵੀ ਦਸਮੇਸ਼ ਪਿਤਾ ਨੇ ਈਸ਼ਵਰ ਦਾ ਕੋਟਨ ਕੋਟ ਵਾਰ ਧੰਨਵਾਦ ਕਰਦੇ ਰਹੇ ਅਸਚਰਜ ਗਲ ਇਹ ਹੋਈ ਕਿ ਦਸਮੇਸ਼ ਪਿਤਾ ਦੀਆਂ ਅੱਖਾਂ ਤਕ ਵੀ ਨਮ ਨਹੀਂ ਹੋਈਆਂ। ਕਰੋੜਾਂ ਤਾਂ ਕੀ ਮਹਿਜ਼ ਕੋਈ ਵਾਹਦ ਮਿਸਾਲ ਵੀ ਸੰਸਾਰਕ ਇਤਹਾਸ ਵਿਚ ਉਕਾ ਹੀ ਨਹੀਂ ਮਿਲਦੀ ਜਿਸ ਨੇ ਏਨੇ ਮਹਾਨ ਤੇ ਅਲੌਕਿਕ ਕਾਰਨਾਮੇ ਕੀਤੇ ਹੋਣ।

ਕਰੋਰ ਕਹਿਣ ਦਾ ਤਾਂ ਉਹਨਾਂ ਦਾ ਅੰਦਾਜਿ ਬਿਆਨ ਹੀ ਕਿਹਾ ਜਾ ਸਕਦਾ ਹੈ। ਈਸ਼ਵਰ ਦੇ ਭਾਣੇ ਨੂੰ ਧੁਰ ਹਿਰਦੇ ਵਿੱਚ ਪੱਕੇ ਤੌਰ ਤੇ ਵਸਾਇਆ ਹੋਇਆ ਸੀ। ਅੰਮ੍ਰਿਤ ਦੀ ਅਨੋਖੀ ਵਿਧੀ ਪੇਸ਼ ਕੀਤੀ *'ਪੀਵਹੁ ਪਾਹੁਲ ਖੰਡੇਧਾਰ'* ਅੰਮ੍ਰਿਤ ਨੂੰ ਸਾਕਾਰ ਕਰਨ ਦੀ ਅਦਭੁੱਤ ਘਟਨਾ ਹੈ ਇਸ ਦੇ ਪ੍ਰਭਾਵ ਨੂੰ ਸੰਸਾਰ ਭਰ ਦੇ ਬਿਲਾ ਤਮੀਜ਼ ਮਜਹਬੋ ਮਿੱਲਤ, ਗਰੀਬ ਤੇ ਅਮੀਰ ਵਿਅਕਤੀ ਮਨੁੱਖ ਤੇ ਇਸਤ੍ਰੀਆਂ ਦੋਵੇਂ ਹੀ ਇਸ ਵਿੱਚ ਸ਼ਰਕਤ ਕਰ ਸਕਦੇ

ਸਨ ਪਰ ਸ਼੍ਰੋਮਣੀ ਸ਼ਰਤ ਇਹ ਹੈ

'ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।।'

ਗੁਰੂ ਨਾਨਕ ਦੇਵ ਜੀ ਦੇ ਦੈਵੀ ਹੁਕਮ ਦੀ ਪਾਲਣਾ ਸਾਖਸ਼ਾਤ ਰੂਪ ਵਿਚ ਦਸਵੀਂ ਜੋਤ ਦਸਮੇਸ਼ ਪਿਤਾ ਨੇ ਕਰ ਵਿਖਾਈ, ਪੰਜ ਕਕਾਰੀ ਵਿਧਾਨ ਹੋਂਦ ਵਿੱਚ ਸਾਕਾਰ ਹੋਇਆ। ਪਵਿੱਤਰ ਕੇਸਾਂ ਦੀ ਸਾਂਭ ਸੰਭਾਲ, ਕੜੇ ਵਿਚ ਸਰਬੱਤ ਦੇ ਭਲੇ ਦੀ ਇੱਕ ਸਾਰ ਸ਼ੁਭ ਭਾਵਨਾ ਹੈ। ਵਡੀ ਅਸਚਰਜ ਕਰਨ ਵਾਲੀ ਗੱਲ ਇਹ ਹੈ ਕਿ ਕੜਾ ਲੋਹੇ ਦੀ ਧਾਤ ਦਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਲੋਹਾ ਸਾਰੀਆਂ ਧਾਤਾਂ ਨਾਲੋਂ ਆਸਾਨੀ ਨਾਲ ਉਪਲਬਧ ਹੈ ਤਾਂ ਸਸਤੀ ਹੈ। ਤਾਂ ਕਿ ਲੋਕਾਂ ਨੂੰ ਕੋਈ ਮੁਸ਼ਕਲ ਦਰਪੇਸ਼ ਨਾ ਹੋਵੇ, ਗਾਤਰੇ ਵਾਲੀ ਕਿਰਪਾਨ ਧਾਰਨ ਕਰਨ ਦਾ ਵੀ ਹਰ ਅੰਮ੍ਰਿਤਧਾਰੀ ਨੂੰ ਹਦੈਤ ਹੈ। ਕਿਰਪਾਨ ਸ੍ਵੈ ਰਖਸ਼ਕ ਵੀ ਹੈ ਤੇ ਵੈਰੀ ਭਖਸ਼ਕ ਵੀ ਹੈ। ਰੇਬ ਕਛਹਿਰਾ ਪਹਿਨਣਾ ਵੀ ਜਰੂਰੀ ਹੈ ਪਰਦਾ ਵੀ ਢੱਕਿਆ ਜਾਂਦਾ ਹੈ ਅਤੇ ਜਤ ਸਤ ਦਾ ਵੀ ਪਹਿਰੇਦਾਰ ਹੈ। ਕੰਘਾ ਵੀ ਲਕੜ ਦਾ ਹੋਣਾ ਜਰੂਰੀ ਹੈ ਜਿਸ ਨਾਲ ਦੋਨੋਂ ਵਕਤ ਕੇਸ਼ ਵਾਹੁਣੇ ਜਰੂਰੀ ਹਨ। ੧ਓ ਨਾਲ ਸਦੀਵੀ ਸੰਪਰਕ ਰਾਹੀਂ ਚਤੋ ਪਹਿਰ ਹੀ ਤਤਪਰ ਰਹਿਣਾ ਇਸ ਵਿਧਾਨ ਦਾ ਕਰਤੱਵ ਹੈ।

ਜੰਗਾਂ ਜੁਧਾਂ ਵਿਚ ਪਾਏ ਗਏ ਯੋਗਦਾਨ ਦਾ ਮਹੱਤਵ ਵੀ ਬੜਾ ਨਿਆਰਾ ਹੈ। ਗੁਰੂ ਬਿਲਾਸ ਨੂੰ ਸਮਝਣ ਵਾਲਾ ਵਿਯੱਕਤੀ ਤਾਂ ਬੇ ਮੁਖ ਹੋ ਹੀ ਨਹੀਂ ਸਕਦਾ। ਰਹਿਮਤ ਉਸ ਸਿਰਜਨਹਾਰ ਮਾਲਕ ਦੀ ਹੋਵੇ ਗੁਰਸਿਖ ਮਰਯਾਦਾ ਦਾ ਧਾਰਨੀ ਹੋਵੇ। ਈਸ਼ਵਰ ਨਾਲ ਜੁੜਿਆ ਹੋਵੇ। ਪ੍ਰਭੂ ਦੇ ਭਾਣੇ ਵਿੱਚ ਰਹਿਣ ਦੀ ਜਾਚ ਹੋਵੇ ਫੇਰ ਤਾਂ ਵਾਰੇ ਨਿਆਰੇ ਹਨ। ਕਿਸੇ ਵੀ ਪ੍ਰਕਾਰ ਦਾ ਦੁੱਖ ਦਲਿੱਦਰ ਲਵੇ ਵੀ ਨਹੀਂ ਫੜਕਦਾ। ਪੰਜੇ ਮਹਾਨ ਦੈਂਤ ਕਾਮ ਕ੍ਰੋਧ ਲੋਭ ਮੋਹ ਹੰਕਾਰ ਵੀ ਪੇਤਲੇ ਪੈ ਜਾਂਦੇ ਹਨ।

ਸਰਬੱਤ ਦਾ ਭਲਾ ਤੇ ਨਿਰਪੱਖ ਸਿਧਾਂਤ ਦਸ਼ਮੇਸ਼ ਪਿਤਾ ਦਾ ਸਿਖਰਲਾ ਅਨੁਭਵ ਰਿਹਾ ਹੈ। ਅਕਾਲ ਪੁਰਖ ਦਾ ਅਗਾਧ ਬੋਧ ਸਿਫਤ ਸਾਲਾਹ ਕਰਨ ਵਾਲਾ ਕਿਸੇ ਸੁਆਰਥ ਪਾਤਰ ਅਜਿਹੇ ਬਿਖੜੇ ਮਾਰਗ ਦਾ ਧਾਰਨੀ ਹੋ ਹੀ ਨਹੀਂ ਸਕਦਾ। ਸਕੰਦਰ ਵਰਗੇ ਮਹਾਨ ਜੋਧੇ ਨੇ ਦੁਨੀਆਂ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਸੰਕਲਪ ਲਿਆ ਸੀ। ਮਾਰੋ ਮਾਰ ਕਰਦਾ ਤੂਫ਼ਾਨ ਵਾਂਗ ਅੱਗੋਂ ਹੀ ਅੱਗੇ ਵਧਦਾ ਗਿਆ। ਅਜਿਹੇ ਜਰਵਾਣਿਆਂ ਦਾ ਮੁੱਖ ਮੁੱਦਾ ਕੇਵਲ ਹਯਾਤੀ ਵਿੱਚ ਧਨ ਦੌਲਤ ਇਕੱਤਰ ਕਰਕੇ ਚਕਰਵਰਤੀ ਰਾਜੇ ਕਹਾਉਣ ਦਾ ਹੀ ਲਕਸ਼ ਰਿਹਾ ਪਰ ਦਸ਼ਮੇਸ਼ ਪਿਤਾ ਨੇ ਓਸੇ ਵਾਹ ਵਾਹ ਤੇ ਬੱਲੇ ਬੱਲੇ ਖੱਟਣ ਦੀ ਕਿਸੇ ਗਰਜ਼ ਨੂੰ ਨਜ਼ਰ ਅੰਦਾਜ਼ ਕਰੀ ਰੱਖਿਆ। ਹਾਂ ਇਹ ਮਕਸਦ ਜਰੂਰ ਦੁਨੀਆਂ ਸਾਹਮਣੇ ਰੱਖਿਆ ਕਿ ਭੈ ਕਾਹੂ ਕੋ ਦੇਤ ਨਹਿ ਨਹ ਭੈ ਮਾਨਤ ਆਨ। ਕਿਉਂਕਿ ਮਾਨਵ ਉਸ ਅਕਾਲ ਪੁਰਖ ਦੀ ਮਿਹਰ ਨਾਲ ਹੀ ਇਸ ਜਗਤ ਵਿਚ ਆਇਆ ਹੈ ਫਿਰ ਹੀਣ ਭਾਵ ਕਿਉਂ ? ਪ੍ਰੰਤੂ ਇਸ ਦੇ ਉਲਟ ਇਥੋਂ ਦੀ ਲੋਕਾਈ ਨੇ ਹਜਾਰਾਂ ਵਰ੍ਹੇ ਭਿਆਨਕ ਅਤਿਆਚਾਰ ਸਹੇ। ਨਿਰੰਤਰ ਦਬਾਓ ਕਾਰਨ ਉਹਨਾਂ ਦੀ ਆਤਮਾ ਖੀਨ ਹੋ ਕੇ ਰਹਿ ਗਈ ਸੀ। ਉਸੇ ਨਿਰਬਲ ਅਹਿਸਾਸ ਨੂੰ ਝੂਣ ਜਗਾਣ ਪਾਤਰ ਚੁੱਕੇ ਗਏ ਬੀੜੇ ਨੂੰ ਆਖਰ ਸਿਰੇ ਲਾਇਆ। ਸਿੱਟਾ ਪਰਤੱਖ ਸਾਹਮਣੇ ਆ ਗਿਆ। ਗਿੱਦੜ ਵੀ ਸ਼ੇਰ ਬਣ ਗਏ। ਬੰਦਾ ਬਹਾਦਰ (ਗੁਰਬਖਸ਼ ਸਿੰਘ) ਇਸੇ ਕਰਤੱਵ ਦੀ ਜਿਉਂਦੀ ਜਾਗਦੀ ਮਿਸਾਲ ਹੈ। ਜਦੋਂ ਨਦਰਿ ਅਨਾਇਤ ਨਸੀਬ ਹੋਈ ਤਾਂ ਮੁਗਲਾਂ ਦੀ ਭਾਰੀ ਭਰਕਮ ਬੇ ਪਨਾਹ ਤਾਕਤ ਰਾਖ ਹੋ ਗਈ। ਬੜੇ ਬੜੇ ਘੈਂਟ ਹੰਕਾਰੀਆਂ ਦੇ ਮਨਾਂ ਵਿੱਚ ਵੀ ਭੈ ਭਾਰੀ ਹੋ ਗਿਆ ਕਿ ਬੰਦਾ ਕੋਈ ਮਹਾਨ ਜਾਦੂਗਰ ਹੈ ਤੇ ਕਰਾਮਾਤੀ ਹੈ। ਇਸ ਸਾਰੀ ਕਰਾਂਤੀਕਾਰੀ ਕੀਰਤੀ ਦਾ ਅਡੰਬਰ ਅੰਮ੍ਰਿਤ ਦਾ ਹੀ ਕ੍ਰਿਸ਼ਮਾ ਸੀ ਜਿਸ ਨੇ ਮਾਨਵ ਤਾਸੀਰ ਨੂੰ ਹੀ ਅਕਸੀਰ ਵਿੱਚ ਬਦਲ ਦਿੱਤਾ। ਜਦੋਂ ਬੰਦਾ ਬਹਾਦਰ ਸਮੇਤ ੭੪੦ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਕਿਸੇ ਇੱਕ ਵਿਅਕਤੀ ਨੇ ਵੀ ਸੀ ਤਕ ਨਾ ਉਚਾਰੀ ਅਤੇ ਪ੍ਰਤੱਖ ਹੋ ਗਿਆ ਕਿ ਆਉਣੇ ਵਾਲੇ ਸਮੇਂ ਲਈ ਗੁਰਸਿਖੀ ਹੀ ਅਮਰ ਧਰਮ ਹੋਵੇਗਾ। ਮਨੁੱਖ ਦਾ ਸਰਫੂਲ ਮਖਲੂਕਾਤ ਹੋਣ ਦਾ ਵਾਜਿਆ ਤੌਰ ਤੇ ਸਬੂਤ ਸਾਹਮਣੇ ਆ ਗਿਆ। ਇਸ ਸਾਰੀ ਕਾਰਗੁਜਾਰੀ ਦੀ ਲੁਬੋ ਲੁਬਾਲ ਮਨ ਜੀਤੇ ਜਗ ਜੀਤ ਹੀ ਹੈ। ਅਕਾਲ ਪੁਰਖ ਕਾਲ ਚਕਰ ਤੋਂ ਪਰੇ ਹੈ ਸਰਵ ਸ਼ਕਤੀਮਾਨ ਹੈ ਜੱਰੇ ਜਰੇ ਵਿੱਚ ਸਮਾਇਆ ਹੋਇਆ ਹੈ ਘਟ ਘਟ ਨੂੰ ਜਾਣਨਵਾਲਾ ਹੈ। ਜੇ ਕਿਸੇ ਰਾਹੀ ਨੂੰ ਮੰਜਲ ਦੀ ਸੋਧ ਦੱਸੀ ਜਾਵੇ ਪਰ ਉਹਦਾ ਉਸ ਮੰਜਲ ਵੱਲ ਤੁਰਨ ਦਾ ਉਪਰਾਲਾ ਨਾ ਹੋਵੇ ਤਾਂ ਪੱਥ ਪ੍ਰਦਰਸ਼ਨ ਦਾ ਕੀ ਕਸੂਰ ਹੋਇਆ। ਮਨੁਖ ਜਾਤੀ ਦੇ ਕਲਿਆਣ ਲਈ ਦਸਾਂ ਜੋਤਾਂ ਨੇ ੨੪੦ ਵਰ੍ਹੇ ਸਮਰਪਤ ਕੀਤੇ ਮਨੁੱਖ ਦੀ ਕਲਿਆਣ ਦਾ ਵਾਹਦ ਵਧੀਆ ਤਰੀਕਾ ਇਹ ਹੈ ਕਿ ਸਿੱਧਾ ਰਸਤਾ ਫੜਿਆ ਜਾਵੇ। ਅੱਜ ਬੜੀ ਕੀਮਤੀ ਸ਼ੈ ਹੈ ਇਸੇ ਦਾ ਲਾਹਾ ਲੈਣਾ ਹੀ ਉਚਿੱਤ ਹੈ।


www.AKJ.Org

'ਜਗ ਰਚਨਾ ਸਭ ਝੂਠ ਹੈ' ਦੇ ਕਥਨ ਅਨੁਸਾਰ ਕਿਸੇ ਗਲ ਦੀ ਪਕੜ ਵਿੱਚ ਸ਼ਿੱਦਤ ਕਾਹਦੀ। ਕਿਸੇ ਵਸਤੂ ਨੂੰ ਪ੍ਰਾਪਤ ਕਰਨ ਦੀ ਚੇਸ਼ਟਾ ਕਿਉਂ। ਇਹ ਸਾਰੇ ਰਸ ਕਸ ਬੁੜ ਚਿਰੇ ਹੀ ਹਨ। ਇਹਨਾਂ ਦਾ ਚਸਕਾ ਤੇ ਲਗਾਓ ਨਿਰਾਰਥਕ ਹੈ। ਮੱਛੀ ਨੂੰ ਜੀਭ ਦਾ ਸੁਆਦ, ਹਾਥੀ ਨੂੰ ਕਾਮ ਬੌਂਦਲਾਈ ਫਿਰਦਾ ਹੈ, ਮ੍ਰਿਗ ਸੁਗੰਧ ਦਾ ਮੁਰੀਦ ਹੈ। ਉਹ ਆਪਣੀ ਨਾਭੀ ਵਿਚਲੀ ਕਸਤੂਰੀ ਨੂੰ ਨਹੀਂ ਪਛਾਣਦਾ। ਬਸ ਭਟਕਣ ਵਿੱਚ ਹੀ ਜਿੰਦਗੀ ਖਤਮ ਕਰ ਲੈਂਦਾ ਹੈ ਜੀਵਨ ਬਾਜ਼ੀ ਹਾਰ ਜਾਂਦਾ ਹੈ।

ਪਰੰ ਇਹਨਾਂ ਸਾਰੀਆਂ ਝਾਕਾਂ ਵਿਚ ਦਸਮੇਸ਼ ਪਿਤਾ ਦੀ ਕਿਧਰੇ ਵੀ ਖਿੱਚ ਨਜਰੀਂ ਨਾ ਪਈ। ਮਾਛੀਵਾੜੇ ਦੇ ਕੰਡਿਆਲੇ ਜੰਗਲ ਵਿੱਚ ਮਾਹੀ ਪ੍ਰੀਤਮ ਨੂੰ ਇਹ ਗੱਲ ਜਰੂਰੀ ਸਾਹਮਣੇ ਆਈ ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ। ਖੇੜਿਆਂ ਦੀ ਸੁਰਾਹੀ ਉਹਨਾਂ ਦੀ ਨਿਗਾਹ ਵਿੱਚ ਤੁਛ ਸੀ ਬਸ ਇਹ ਸੁਤੰਤਰਤਾ ਪ੍ਰਾਪਤੀ ਦਾ ਮੁੱਢਲਾ ਸਿਧਾਂਤ ਸੀ ਪਹਿਲੀ ਪਉੜੀ ਸੀ। ਪਰਾਧੀਨਤਾ ਉਨ੍ਹਾਂ ਲਈ ਬੜੀ ਦੁਖਦਾਈ ਸੀ। ਆਪਣੇ ਘਰ ਦੇ ਸੁੱਖ ਵਾਰੇ ਕਹਾਵਤ ਹੈ *"ਜਿਹੜਾ ਸੁਖ ਛੱਜੂ ਦੇ ਚੁਬਾਰੇ ਨਾ ਬਲਖ ਨਾ ਬੁਖ਼ਾਰੇ"*। ਸੁਤੰਤਰਤਾ ਤੋਂ ਮਹਿਰੂਮ ਹੋਣਾ ਕਿਸੇ ਵੀ ਜੀ ਹੋਸ਼ ਇਨਸਾਨ ਨੂੰ ਗਵਾਰਾ ਨਹੀਂ ਹੁੰਦਾ। ਦੁਨੀਆਵੀ ਬਗਲੇ ਭਗਤ ਉਹਨਾਂ ਨੂੰ ਰਤਾ ਨਹੀਂ ਭਾਉਂਦੇ। ਸਜਨ ਠੱਗ ਦੀ ਖੁਦਗਰਜੀ ਭਰੀ ਕਹੌਤੀ ਲੋਕ ਸੇਵਾ ਉਹਨਾਂ ਨੂੰ ਅਰਥ ਹੀਨ ਭਾਸਦੀ ਸੀ।

ਦੇਖਣ ਆਇਓ ਜਗਤ ਤਮਾਸ਼ਾ ਦੀ ਭਾਵਨਾ ਜਾਹਰ ਕਰਦੀ ਹੈ ਕਿ ਦੁਨੀਆਂ ਬਹੁ-ਰੰਗੀ ਹੈ। ਭੰਗਾਣੀ ਦੀ ਜੰਗ ਤੋਂ ਲੈ ਕੇ ਮੁਕਤਸਰ ਦੀ ਜੰਗ ਤੱਕ ਕੋਈ ਮਲਾਲ ਵੀ ਲਵੇ ਨ ਲਗ ਸਕਿਆ। ਚਿੱਤ ਪ੍ਰਭੂ ਚਰਨਾਂ ਵਿੱਚ ਲਾਈ ਰੱਖਣ ਤੋਂ ਕਦੇ ਨਾ ਖੁੰਝੇ। ਸਤ ਮਾਰਗ ਤੇ ਚਲਦਿਆਂ ਜਗਤ ਤਮਾਸ਼ੇ ਵਿੱਚ ਝੂਠੀਆਂ ਸੌਂਹਾਂ ਸੁਗੰਧਾਂ ਪ੍ਰਮਾਣ ਵੀ ਦੇਖਣ ਨੂੰ ਮਿਲਿਆ। ਚੰਦ ਕੁ ਸਿੰਘਾਂ ਉਤੇ ਬੇਜ਼ਾਰੀ ਭਾਰੀ ਹੋਈ ਉਹਨਾਂ ਨੇ ਬੇਦਾਵਾ ਲਿਖਣ ਦਾ ਹੀਆ ਕੀਤਾ ਤੇ. ਆਰਜੀ ਤੌਰ ਤੇ ਹਮਸਫਰੀ ਹੋਣ ਨੂੰ ਨਜਰੋਂ ਉਝਲ ਕੀਤਾ। ਮੁਗਲ ਸ਼ਹਿਨਸ਼ਾਹੀ ਦੀਆਂ ਫੌਜਾਂ ਹਰਲ ਹਰਲ ਕਰਦੀਆਂ ਗੁਰੂ ਸਾਹਿਬ ਦੀ ਛੋਟੀ ਜਿਹੀ ਸਿੰਘਾਂ ਦੀ ਟੁਕੜੀ ਤੇ ਤੁਆਕਬ ਕਰਨਾ ਅਰੰਭ ਕੀਤਾ। ਹਜ਼ੂਰ ਉਤੇ ਰੰਚਕ ਮਾਤਰ ਵੀ ਥਿੜਕਣ ਨੇੜੇ ਨਾ ਆਈ। ਆਪਣੇ ਚੋਣਵੇਂ ਸਿੰਘ ਨੂੰ ਆਦੇਸ਼ ਦਿੱਤਾ ਕਿ ਆਸਾ ਦੀ ਵਾਰ ਦੀ ਚੌਂਕੀ ਲਾਈ ਜਾਵੇ। ਹੁਕਮ ਸਾਦਰ ਹੋਇਆ। ਤਾਮੀਲ ਫੌਰੀ ਤੌਰ ਤੇ ਕੀਤੀ ਗਈ। ਕੀਰਤਨ ਦੀਆਂ ਧੁੰਨਾਂ ਆ ਹਾਜਰ ਹੋਈਆ। ਪੂਰਨ ਰੰਗ ਬੱਝ ਗਿਆ। ਅਜਿਹਾ ਜਗਤ ਤਮਾਸ਼ਾ ਦੇਖਣ ਦਾ ਚਾਅ ਕੇਵਲ ਦਸਸ਼ੇਮ ਪਿਤਾ ਨੂੰ ਹੀ ਭਾਉਂਦਾ ਸੀ। ਸਮੇਂ ਦੀ ਭਿਆਨਕਤਾ ਏਨੀ ਪ੍ਰਬਲ ਸੀ ਪਰ ਮਾਨਸਿਕ ਟਿਕਾਉ ਕਮਾਲ ਦਰਜਾ ਦਾ ਸੀ ਸੁਰਤ ਪ੍ਰਭੂ ਚਰਨਾਂ ਵਿਚ ਲਗੀ ਰਹੀ। ਆਸਾ ਦੀ ਵਾਰ ਦੀ ਚੌਂਕੀ ਦਾ ਭੋਗ ਪਿਆ। ਅਗਲਾ ਪੜਾਅ ਅਰੰਭ ਕੀਤਾ। ਉਧਰ ਸਰਸਾ ਨਦੀ ਵਿਚ ਹੜ ਠਾਠਾਂ ਮਾਰਦਾ ਸੀ। ਅਜਿਹੀ ਸਥਿਤੀ ਨੂੰ ਹੰਢਾਉਂਦੇ ਹੋਏ ਦਸਮੇਸ਼ ਪਿਤਾ ਨੇ ਹਿਬੁਲ ਵਤਨੀ ਦੀਆਂ ਤਰੰਗਾਂ ਨੂੰ ਪਰੇ ਨਾ ਹੋਣ ਦਿੱਤਾ। ਹਲੇਮੀ ਦੀ ਮਜ਼ਬੂਤ ਗੱਠ ਨਾ ਉਧੜੀ।

ਆਪਣੇ ਸ਼ਰਧਾਲੂ ਸਿੱਖਾਂ ਦੀ ਤਾਰੀਫ਼ ਕਰਦੇ ਹੋਏ ਫਰਮਾਂਦੇ ਹਨ *"ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ"* ਕਿੰਨੇ ਮੁਅਜਜੇ ਵਾਲੀ ਗੱਲ ਹੈ ਅਜਿਹੀ ਭੈ ਜਲ ਅਵਸਥਾ ਵਿੱਚ ਵੀ ਆਪ ਸਰਵ ਕਲਾ ਸਮਰਥ ਹੋਣ ਦੇ ਨਾਲ ਨਾਲ ਅਭਿਮਾਨ ਅਤੇ ਮੈਂ ਨੂੰ ਰੂਪਮਾਨ ਹੋਣ ਦਾ ਮੌਕਾ ਹੀ ਨਹੀਂ ਦਿੱਤਾ। ਇਤਿਹਾਸ ਸਿਰਜਕ ਨੂੰ ਕਦੀ ਅਹੁੜਿਆ ਹੀ ਨਹੀਂ ਕਿ ਮੈਂ ਗਲਬਾ ਪਾ ਸਕੇ। *"ਨਹੀਂ ਮੋਸੋ ਗਰੀਬ ਕਰੋਰ ਪਰੇ"* ਵਾਲੀ ਸੱਟ ਨੂੰ ਸਦਾ ਹੀ ਆਪਣੇ ਮਨ ਅੰਦਰ ਸਮੋਈ ਰੱਖਿਆ। ਏਡੇ ਵੱਡੇ ਕਿਰਦਾਰ ਨੂੰ ਨਿਭਾ ਦੇਣਾ ਧੰਨ ਗੁਰੂ ਦਸਮੇਸ਼ ਪਿਤਾ ਦੇ ਹੀ ਹਿੱਸੇ ਆਇਆ ਹੈ। ਅਨੰਦਪੁਰ ਸਾਹਿਬ ਵਿਖੇ ਪਰਬਤ ਵਰਗੇ ਹਾਲਾਤ ਨਾਲ ਮੱਥਾ ਲਾਈ ਰਖਿਆ। ਅੰਨ ਪਾਣੀ ਦਰ ਰਸਦ ਪੁੱਜਣ ਦੇ ਸਾਰੇ ਰਸਤੇ ਬੰਦ ਸਨ ਦਰਖਤਾਂ ਦੇ ਪੱਤੇ ਤੇ ਦਰਖਤਾਂ ਦੀ ਛਿਲ ਨੂੰ ਵਕਤਾ ਆਹਾਰ ਹੀ ਬਣਾਇਆ ਪਰ ਗੁਰਦੇਵ ਖਾਤਰ ਮਰ ਮਿਟਣ ਦੀ ਇੱਛਾ ਖੀਨ ਨਾ ਪੈਣ ਦਿੱਤਾ। ਨਾਂਹੀ ਆਉਣ ਵਾਲੇ ਸਮੇਂ ਦੀ ਭਿਆਨਕਤਾ ਵਾਰੇ ਚਿੰਤਾਤੁਰ ਹੋਏ। ਬਸ ਜਗਤ ਤਮਾਸ਼ਾ ਦੇਖਣ ਦੀ ਗੱਲ ਨਿਰੰਤਰ ਬਣੀ ਰਹੀ।

*'ਗੁਰੂ ਜਿੰਨਾ ਦੇ ਟੱਪਣੇ ਚੇਲੇ ਜਾਣ ਛੜੱਪ'* ਵਾਲੀ ਗੱਲ ਜ਼ਾਹਰ ਹੋਈ ਮਜਾਲ ਹੈ ਕਿਸੇ ਮੋਢਾ ਘੁਮਾਇਆ ਹੋਵੇ। ਮੁਗਲਾਂ ਦੀ ਅਕਲ ਦੰਗ ਹੋ ਗਈ ਕਿ ਕਿਹੜੀ ਸ਼ਕਤੀ ਹੈ ਜਿਸ ਨੂੰ ਸਾਡੇ ਏਡੇ ਦੈਂਤ ਵਰਗਾ ਮੁਹਾਸਰੇ ਦੀ ਵੀ ਕੋਈ ਪ੍ਰਵਾਹ ਨਹੀਂ।

ਦਸ਼ਮੇਸ਼ ਪਿਤਾ ਦੀ ਬਾਹਲੀ ਦਿੱਖ ਤਾਂ ਅਲੌਕਿਕ ਸੀ ਹੀ ਪਰ ਜਿਹੜਾ ਨੂਰੀ ਆਪਾ ਅੰਦਰ ਠਾਠਾਂ ਮਾਰਦਾ ਸੀ, ਉਹਦੀ ਸਿਫ਼ਤ ਕੌਣ ਕਰ ਸਕਦਾ ਹੈ। ਉਹਨਾਂ ਦੀ ਚੁੰਬਕੀ ਸੰਪਰਕ ਵਿੱਚ ਜਿਹੜਾ ਵੀ ਜਿਉੜਾ ਆਉਂਦਾ,

(ਬਾਕੀ ਪੰਨਾ ੨੯ ਤੇ ...)



www.AKJ.Org

# ਧੰਨ ਗੁਰੂ ਗੋਬਿੰਦ ਸਿੰਘ ਜੀ

(ਸ੍ਰ: ਗੁਰਦੇਵ ਸਿੰਘ) "ਗੋਹਰ"

ਬਾਸ਼ਕ ਨਾਗ ਜਦ ਹਿੰਦ ਨੂੰ ਖਾਨ ਲੱਗੋ, ਮੂੰਹ ਖੁਲ੍ਹ ਗੇ ਜ਼ਹਿਰੀ ਪਟਾਰੀਆਂ ਦੇ।
ਗੁੱਡੀ ਮੋਮ ਦੀ ਹਿੰਦ ਨੂੰ ਸਮਝ ਲੁਟਦੇ, ਦਿਲ ਡਰੇ ਨ ਕਦੀ ਕੰਧਾਰੀਆਂ ਦੇ।
ਸਜ ਬਿਆਹੀਆਂ ਦੇ ਡੋਲੇ ਗਏ ਖੋਹੇ, ਚੂੜੇ ਭੰਨ ਤੇ ਜਦੋਂ ਬਿਚਾਰੀਆਂ ਦੇ।
ਬਹੂ ਬੇਟੀਆਂ ਦੀ ਇਜ਼ਤ ਰੁਲੀ ਮਿੱਟੀ, ਸਤ ਰਹੇ ਨ ਕਾਇਮ ਕੁਆਰੀਆਂ ਦੇ।
ਟਕੇ ਟਕੇ ਨੂੰ ਕੰਨਿਆਂ ਬੇਚ ਦਿੰਦੇ ਕਰਤਬ ਇਹ ਸਨ ਮੁਗ਼ਲ ਬਿਓਪਾਰੀਆਂ ਦੇ।
ਧਰਮ ਬਚਾਉਣ ਨੂੰ ਉਦੋਂ ਤਲਵਾਰ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਰਾਮ ਨਾਮ ਤੇ ਨਮਸਤੇ ਖਤਮ ਹੋਈ, ਰਹੀ ਹਿੰਦ ਦੇ ਵਿੱਚ ਸਲਾਮ ਇਕੋ।
ਵੇਦ ਗੀਤਾ, ਰਾਮਾਇਣ ਨ ਪੜੇ ਕੋਈ, ਅਲ੍ਹਾ ਹੂ ਦੀ ਰਹੀ ਕਲਾਮ ਇਕੋ।
ਹਿੰਦੂ ਮਜ਼੍ਹਬ ਦੀਆਂ ਜੜ੍ਹਾਂ ਤੇ ਧਰੀ ਆਰੀ, ਸਾਂਝਾ ਲੱਗੇ ਬਨਾਉਣ ਇਸਲਾਮ ਇਕੋ।
ਮੁਸਲਿਮ ਬਣੋ ਗੇ, ਤੁਹਾਡੀ ਜਾਨ ਬਚ ਜੂ, ਸੁਨਾਇਆ ਸਭ ਦੇ ਤਾਂਈ ਪੈਗ਼ਾਮ ਇਕੋ।
ਸਾਡੇ ਪੈਰਾਂ ਥੱਲੇ ਥੋਹਰ ਸੁੱਟੇ, ਬੂਟੇ ਪੁੱਟ ਕੇ ਇਨ੍ਹਾਂ ਸੁਪਾਰੀਆਂ ਦੇ।
ਹਾਲਤ ਇਹ ਦੇਖ ਸ਼ਮਸ਼ੀਰ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਸਵਾ ਮਣ ਨਿਤ ਦੇ ਲਹਿਣ ਜੰਞੂ, ਨਾਲ ਜੰਞੂਆਂ ਫਾਂਸੀ ਚੜ੍ਹਾਉਣ ਲੱਗੇ।
ਬੁਰੀ ਹਾਲਤ ਕੀਤੀ ਸ਼ਿਵਾਲਿਆ ਦੀ, ਜਾ ਜਾ ਮੰਦਰਾਂ ਤਾਂਈਂ ਢਾਉਣ ਲੱਗੇ।
ਤਿਲਕ ਮਥਿਆਂ ਉਤੋਂ ਸਾਫ ਕੀਤੇ, ਮੁਸਲਮ ਹਿੰਦੂਆਂ ਤਾਂਈ ਬਨਾਉਣ ਲੱਗੇ।
ਫੇਰੇ ਲੈਣ ਦਾ ਵਕਤ ਨ ਆਉਣ ਦਿੰਦੇ, ਕੱਚੀ ਉਮਰ ਨਿਕਾਹ ਪੜ੍ਹਾਉਣ ਲੱਗੇ।
ਖ਼ੂਨ ਆਪ ਉਬਾਲੇ ਖਾਣ ਲੱਗਾ, ਕੰਮ ਦੇਖੇ ਇਹ ਜਦੋਂ ਖੁਆਰੀਆਂ ਦੇ।
ਰਖਸ਼ਾ ਦੇਸ਼ ਦੀ ਲਈ ਕਮਾਨ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਨੌਂ ਸਾਲ ਦੀ ਛੋਟੀ ਉਮਰ ਅੰਦਰ, ਪਿਆਰੇ ਪਿਤਾ ਨੂੰ ਦੇਸ਼ ਤੋਂ ਵਾਰ ਦਿੱਤਾ।
ਦਿਨ ਉਹ ਭੀ ਸਾਨੂੰ ਭੁੱਲਦਾ ਨਹੀਂ, ਮਹਾਂ ਸਿੰਘ ਨੂੰ ਜਦੋਂ ਪਿਆਰ ਦਿੱਤਾ।
ਅੱਜ ਉਤਾਰਨਾ ਓਹ ਹੋਇਆ ਔਖਾ, ਕਰਜ਼ਾ ਸਿਰ ਤੇ ਜਿਹੜਾ ਚਾੜ ਦਿੱਤਾ।
ਕੋਲ ਅਪਣੇ ਕੁੱਝ ਭੀ ਰਖਿਆ ਨਹੀਂ, ਵਾਰ ਸਿਰ ਤੋਂ ਸਾਡੇ ਪਰਿਵਾਰ ਦਿੱਤਾ।
ਤੇਰੇ ਨੀਲੇ ਦੇ ਸੁਮ ਪਏ ਖੜਕਦੇ ਨੇ, ਕਿਸੇ ਔਂਦੇ ਨੇ ਯਾਦ ਉਡਾਰੀਆਂ ਦੇ।
ਢੱਕਾਂ ਛੁਡਾਉਣ ਨੂੰ ਓਦੋਂ ਤੇਗ਼ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਮਾਛੀਵਾੜੇ ਦੇ ਬਿਰਛ ਅੱਜ ਆਖਦੇ ਨੇ, ਕਹਿੰਦੇ ਖੜੇ ਹਾਂ ਪੈਰ ਦਬਾਉਣ ਖਾਤਰ।
ਅੱਖਾਂ ਭਰ ਭਰ ਰੋ ਰੋ ਕਹੇ ਸਰਸਾ ਜਲ ਦਿਆਂਗੀ ਠੰਡਾ ਇਸ਼ਨਾਨ ਖਾਤਰ।
ਔਗਣ ਬੰਦੇ ਦੇ ਪਹਿਲੇ ਭੁੱਲ ਜਾਉ, ਹੁਣ ਖੜਾ ਹਾਂ ਖੰਡਾ ਖੜਕਾਣ ਖਾਤਰ।
ਪੈਹਰੇ ਦਾਰ ਬਣ ਜੋਗੇ ਦੀ ਲਾਜ ਰੱਖੀ, ਜੋਗਾ ਹਾਜ਼ਿਰ ਹੈ ਕਰਜ਼ ਚੁਕਾਨ ਖਾਤਰ।
ਅੱਜ ਫੇਰ ਅਜੀਤ ਜੁਝਾਰ ਕਹਿੰਦੇ, ਵਾਰ ਝੱਲਾਂ ਗੇ ਤੇਜ਼ ਕਟਾਰੀਆਂ ਦੇ।
ਅੱਜ ਕਮਾਨ ਦੇ ਵਿਚੋਂ ਤੀਰ ਛੱਡੇ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਅੱਜੇ ਫੇਰ ਇਤਹਾਸ ਹੈ ਯਾਦ ਕਰਦਾ, ਕਹਿੰਦਾ ਹੁੰਦਾ ਜੇ ਬਾਂਕੀ ਸ਼ਾਨ ਵਾਲਾ।
ਜ਼ੀਹਨੇ ਜੰਗ ਦੇ ਵਿੱਚ ਮਾਸੂਮ ਭੇਜੇ, ਬੱਚੇ ਨੀਹਾਂ ਦੇ ਵਿੱਚ ਚੁਨਵਾਨ ਵਾਲਾ।
ਏਸ ਘਰ ਵਿੱਚ ਕਦੀ ਨ ਫੁੱਟ ਪੈਂਦੀ, ਜੇ ਕਰ ਹੁੰਦਾ ਤੀਰ ਕਮਾਨ ਵਾਲਾ।
ਆਪੋ ਧਾਪੀ ਦੀ ਖਿੱਚ ਨ ਕਦੀ ਪੈਂਦੀ, ਰੋਲਾ ਪੈਂਦਾ ਨ ਵੱਡੇ ਅਖਵਾਨ ਵਾਲਾ।
ਅੱਜ "ਗੋਹਰ" ਦੀ ਪ੍ਰੀਤਮ ਜੀ ਅਰਜ਼ ਇਹੋ, ਮਾਨ ਰੱਖ ਲੈ ਕਾਇਮ ਸਰਦਾਰੀਆਂ ਦੇ।
ਇਕ ਵਾਰੀ ਆਣ ਕੇ ਦਰਸ ਦੇ ਜਾ, ਲੀੜੇ ਪਾ ਕੇ ਪਿਤਾ ਪੁਜਾਰੀਆਂ ਦੇ।

# ਸਾਹਿਬੇ ਕਮਾਲ-ਗੁਰੂ ਗੋਬਿੰਦ ਸਿੰਘ ਜੀ

(ਸਤਵਿੰਦਰ ਕੌਰ)

ਅੱਜ ਅਸੀਂ ਜਿਸ ਸ਼ਖਸ਼ੀਅਤ ਦੀ ਗਲ ਕਰ ਰਹੇ ਹਾਂ ਉਹ ਕਮਾਲ ਸ਼ਖਸ਼ੀਅਤ ਦੀਨ ਦੁਨੀ ਦਾ ਪਾਤਸ਼ਾਹ ਪਾਤਸ਼ਾਹਾਂ ਪਾਤਸ਼ਾਹ ਅਡੋਲਾ ਹੈ। ਉਹ ਅਕਾਲ ਪੁਰਖ ਦਾ ਨਿਵਾਜਿਆ ਹੋਇਆ ਪੁੱਤਰ ਹੈ

ਮੈਂ ਆਪਨਾ ਸੁਤ ਤੋਹਿ ਨਿਵਾਜਾ

ਉਹ ਐਸੀ ਮਿਕਨਾਤੀਸੀ ਸ਼ਖਸ਼ੀਅਤ ਦਾ ਮਾਲਕ ਇਕੋ ਇਕ ਹਸਤੀ ਹੈ ਜਿਸ ਦੇ ਨਾਲ ਦਾ ਦੂਜਾ ਇਸ ਧਰਤੀ ਤੇ ਪੈਦਾ ਨਹੀਂ ਹੋਇਆ। ਹਿੰਦ ਦੀ ਚਾਦਰ, ਸ਼ਹੀਦ ਪਿਤਾ ਦਾ ਪੁੱਤਰ ਅਤੇ ਸ਼ਹੀਦ ਬੱਚਿਆਂ ਦਾ ਪਿਤਾ ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਇਸ ਹਸਤੀ ਨੇ ੪੨ ਸਾਲ ਦੀ ਛੋਟੀ ਜਿਹੀ ਆਯੂ ਵਿਚ ਉਨ੍ਹਾਂ ਕਾਰਨਾਮਿਆਂ ਨੂੰ ਅੰਜਾਮ ਦਿੱਤਾ ਜਿੰਨ੍ਹਾਂ ਬਾਰੇ ਸੋਚ ਕੇ ਅਕਲ ਦੰਗ ਰਹਿ ਜਾਂਦੀ ਹੈ।

ਉਹ ਪਾਤਸ਼ਾਹਾਂ ਦੇ ਪਾਤਸ਼ਾਹ ਸਨ। ਕਾਮਲ ਫਕੀਰ ਸਨ। ਪਾਤਸ਼ਾਹ ਐਸੇ ਜਿੰਨ੍ਹਾਂ ਇੱਕ ਰੁਪਏ ਦੀ ਵੀ ਨਿਜੀ ਜਾਇਦਾਦ ਨਹੀਂ ਬਣਾਈ। ਬਚਪਨ ਤੋਂ ਹੀ ਤਿਆਗੀ ਸੁਭਾਅ ਦੇ ਸਨ (ਪਕੜ ਤੋਂ ਅਜਾਦ ਸਨ, ਮੋਹ ਦੀ ਪਕੜ, ਮਾਇਆ ਦੀ ਪਕੜ, ਹਉਮੈ ਦੀ ਪਕੜ)। ਬਚਪਨ ਵਿਚ ਜੜਾਊ ਕੰਗਨ ਗੰਗਾ ਵਿਚ ਸੁੱਟ ਦਿੱਤਾ। ਮਾਤਾ ਜੀ ਨੇ ਪੁਛਿਆ ਕਿ ਕੰਗਨ ਕਿਥੇ ਹੈ ਤਾਂ ਦੂਜਾ ਕੰਗਨ ਵੀ ਗੰਗਾ ਵਿਚ ਸੁੱਟ ਦਿੱਤਾ ਕਿਹਾ ਕਿ ਮਾਤਾ ਜੀ ਪਹਿਲਾ ਕੰਗਨ ਇਥੇ ਸੁੱਟਿਆ ਹੈ। ਸਿਖ ਵਲੋਂ ਭੇਟਾ ਕੀਤੇ ਕੀਮਤੀ ਨਗੀਨੇ ਨੂੰ ਗੋਦਾਵਰੀ ਦੀ ਭੇਟਾ ਕਰ ਦਿੱਤਾ।

ਇਸ ਕਾਮਲ ਸ਼ਖਸੀਅਤ ਨੇ ਆਪਣੀ ੯ ਸਾਲ ਦੀ ਛੋਟੀ ਉਮਰ ਵਿਚ ਜਦੋਂ ਬੱਚੇ ਨੂੰ ਅਜੇ ਪਿਤਾ ਦੀ ਉਂਗਲ ਪਕੜ ਕੇ ਚਲਣਾ ਸਿਖਣ ਦੀ ਉਮਰ ਹੁੰਦੀ ਹੈ-ਕਸ਼ਮੀਰੀ ਪੰਡਤਾਂ ਦੀ ਦਰਦੀਲੀ ਪੁਕਾਰ ਸੁਣ ਕੇ ਮਜ਼ਲੂਮਾਂ ਦੀ ਰਖਿਆ ਵਾਸਤੇ ਪਿਤਾ ਨੂੰ ਸ਼ਹੀਦੀ ਦੇਣ ਲਈ ਭੇਜਿਆ। ਫਿਰ ਸਮਾਂ ਆਉਣ ਤੇ ਆਪਣੇ ਜਿਗਰ ਦੇ ਟੁਕੜਿਆ, ਸਾਹਿਬਜ਼ਾਦਿਆਂ ਨੂੰ ਜੰਗ ਦੇ ਮੈਦਾਨ ਵਿਚ ਭੇਜਿਆ। ਸਭ ਕੁਝ ਸਿਖੀ ਦੇ ਮਹਿਲ ਦੀ ਉਸਾਰੀ ਲਈ ਕੁਰਬਾਨ ਕਰ ਦਿੱਤਾ। ਪੁੱਤਰਾਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਅਫ਼ਸੋਸ ਕਰਨ ਦੀ ਥਾਂ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ। ਅੱਜ ਜਦੋਂ ਵੀ ਕੋਈ ਲਹਿਰ ਚਲਦੀ ਹੈ ਤਾਂ ਲੀਡਰ ਲੋਕ ਆਪ ਅਗੇ ਹੋ ਕੇ ਨਹੀਂ ਲੜਦੇ ਸਗੋਂ ਆਮ ਲੋਕਾਂ ਨੂੰ ਅੱਗੇ ਹੋ ਕੇ ਲੜਨ ਲਈ ਉਤਸ਼ਾਹ ਦਿੰਦੇ ਹਨ ਅਤੇ ਆਪ ਪਿੱਛੇ ਹਟ ਜਾਂਦੇ ਹਨ। ਆਮ ਲੋਕ ਮਰਦੇ ਹਨ ਤੇ ਲੀਡਰ ਚੌਧਰੀ ਬਣ ਜਾਂਦੇ ਹਨ ਪਰ ਗੁਰੂ ਸਾਹਿਬ ਨੇ ਇਹ ਨਹੀਂ ਸੋਚਿਆ ਕਿ ਮੈਂ ਆਪਣੇ ਪੁੱਤਰ ਬਚਾ ਲਵਾਂ ਅਤੇ ਸਿਖ ਸ਼ਹੀਦ ਹੋਣ। ਉਨ੍ਹਾਂ ਨੂੰ ਸਿਖ ਪੁੱਤਰਾਂ ਵਰਗੇ ਪਿਆਰੇ ਸਨ। ਪੁੱਤਰਾਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਮਾਤਾ ਸਾਹਿਬ ਕੌਰ ਗੁਰੂ ਸਾਹਿਬਾਂ ਨੂੰ ਆਪਣੇ ਪੁੱਤਰਾਂ ਦੀ ਖ਼ਬਰ ਪੁੱਛਦੇ ਹਨ ਤਾਂ ਜਵਾਬ ਦਿੰਦੇ ਹਨ

ਇਨਿ ਪੁਤਰਨ ਕੇ ਸੀਸ ਪੁਰ
ਵਾਰ ਦੀਏ ਸੁਤ ਚਾਰ
ਚਾਰ ਮੂਏ ਤੋਂ ਕਿਆ ਹੂਆ
ਜੀਵਤ ਕਈ ਹਜਾਰ।।

ਅਜਿਹਾ ਕਾਰਨਾਮਾ ਦੁਨੀਆਂ ਦੇ ਹੋਰ ਕਿਸੇ ਵੀ ਧਾਰਮਿਕ ਪੈਗੰਬਰ ਦੇ ਹਿੱਸੇ ਨਹੀਂ ਆਇਆ। 'ਗੰਜਿ ਸ਼ਹੀਦਾਂ' ਵਿਚ ਅੱਲਾ ਯਾਰ ਖਾਂ ਜੋਗੀ ਇਸੇ ਪ੍ਰਸੰਗ ਨੂੰ ਇਉਂ ਬਿਆਨ ਕਰਦੇ ਹਨ -

ਯਾਕੂਬ ਕੋ ਯੂਸਫ ਕੇ ਬਿਛੜਨੇ ਨੇ ਰੁਲਾਯਾ।।
ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ।।
ਕਟਵਾ ਕੇ 'ਪਿਸਰ' ਚਾਰ, ਇਕ ਆਂਸੂ ਨ ਗਿਰਾਯਾ।।
ਰੁਤਬਾ ਗੁਰੂ ਗੋਬਿੰਦ ਨੇਂ ਰਿਸ਼ੀਓਂ ਕਾ ਬੜ੍ਹਾਯਾ।।

ਉਨ੍ਹਾ ਦਾ ਹੋਰ ਵੱਡਾ ਕਾਰਨਾਮਾ ਸਦੀਆਂ ਤੋਂ ਲਤਾੜੀਆਂ ਜਾ ਰਹੀਆਂ ਛੋਟੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਵਿੱਚ ਸ਼ਕਤੀ ਦਾ ਅਜਿਹਾ ਸੰਚਾਰ ਕੀਤਾ ਕਿ ਉਹ 'ਚਿੜੀਓਂ ਸੇ ਬਾਜ ਤੁੜਾਊਂ ਸਵਾ ਲਾਖ ਸੇ ਏਕ ਲੜਾਊਂ' ਦੇ ਕਾਬਲ ਹੋ ਗਏ। ਅੰਮ੍ਰਿਤ ਦੀ ਸ਼ਕਤੀ ਨਾਲ ਉਨ੍ਹਾਂ ਵਿੱਚ ਐਸੀ ਹਿੰਮਤ ਆਈ ਕਿ ਹੁਣ ਸਿਰ ਝੁਕਾਉਣ ਦੀ ਥਾਂ ਸਿਰ ਕਟਵਾਉਣਾ ਮਨਜ਼ੂਰ ਸੀ ਤੇ ਇਹ ਉਨ੍ਹਾਂ ਦੀ ਆਦਤ ਹੀ ਬਣ ਗਈ।

ਜਬ ਆਵ ਕੀ ਅਉਧ ਨਿਧਾਨ ਬਣੈ
ਅਤ ਹੀ ਰਣ ਮੈਂ ਤਬ ਜੂਝ ਮਰੋਂ

ਦਾ ਐਸਾ ਪਾਠ ਪੜ੍ਹਾਇਆ ਕਿ ਜਿਨ੍ਹਾਂ ਨੇ ਕਦੀ ਕਰਦ ਹੱਥ ਵਿਚ ਨਹੀਂ ਪਕੜੀ ਸੀ ਉਹ ਤਲਵਾਰ ਦੇ ਧਨੀ ਹੋ ਕੇ ਰਣ ਤੱਤੇ ਵਿਚ ਜੂਝਣ ਲਈ ਤਿਆਰ ਰਹਿੰਦੇ। ਆਪਣੇ ਅਜਿਹੇ ਸਿਖਾਂ ਨੂੰ ਵਡਿਆਈ ਦਿੰਦੇ ਹੋਏ ਗੁਰੂ ਸਾਹਿਬ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਇਨ੍ਹਾਂ ਸਿਖਾਂ ਨੂੰ ਦਿੰਦੇ ਹਨ

ਇਨ ਹੀ ਕੀ ਕਿਰਪਾ ਸੇ ਸਜੇ ਹਮ ਹੈਂ
ਨਹੀਂ ਮੋ ਸੇ ਗਰੀਬ ਕਰੋਰ ਪਰੇ


www.AKJ.Org

ਇਸ ਤਰ੍ਹਾਂ ਹੋਰ ਅੱਗੇ ਵਿਚਾਰ ਕਰਦਿਆਂ ਉਹਨਾਂ ਦਾ ਇੱਕ ਵੱਡਾ ਕਾਰਨਾਮ ਖ਼ਾਲਸਾ ਪੰਥ ਦੀ ਸਾਜਨਾ 'ਪੰਚ ਪਰਵਾਨ ਪੰਚ ਪਰਧਾਨ' ਦੇ ਸੰਕਲਪ ਨੂੰ ਅਮਲੀ ਰੂਪ ਦੇਣਾ। ਅੱਜ ਜਿਸ ਲੋਕਰਾਜ ਦੀ ਅਸੀਂ ਗੱਲ ਕਰਦੇ ਹਾਂ Democracy is a goverment of the people by the people for the people

ਇਸ ਨੂੰ ਹਕੀਕਤ ਵਿਚ ਗੁਰੂ ਸਾਹਿਬਾਂ ਨੇ ੩੦੦ ਸਾਲ ਪਹਿਲਾਂ ਸੁਰਜੀਤ ਕੀਤਾ। ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਪਦਵੀ ਦਿੱਤੀ। ਪੰਚਾਂ ਨੂੰ ਗੁਰੂ ਰੂਪ ਮੰਨ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਅਤੇ ਆਪੇ ਗੁਰਚੇਲਾ ਦੀ ਪਰਿਪਾਟੀ ਨੂੰ ਜਨਮ ਦਿੱਤਾ। ਤਾਨਾਸ਼ਾਹੀ ਦੀ ਜਗ੍ਹਾ ਲੋਕਤੰਤਰੀ ਪ੍ਰਣਾਲੀ ਪੰਚ ਨੂੰ ਸਾਰੇ ਹੱਕ ਹਕੂਕ ਦਿੱਤੇ। ਪੰਚ ਸੰਗਤ ਵਿਚੋਂ ਚੁਣੇ ਜਾਂਦੇ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਚ ਗੁਰੂ ਰੂਪ ਹਨ। ਉਨ੍ਹਾਂ ਦਾ ਦਿੱਤਾ ਹੁਕਮ ਗੁਰੂ ਦਾ ਹੁਕਮ ਹੈ ਅਤੇ ਇਸ ਹੁਕਮ ਨੂੰ ਗੁਰੂ ਸਾਹਿਬਾਂ ਨੇ ਆਪ ਮੰਨ ਕੇ ਵਿਖਾਇਆ।

ਗੁਰੂ ਸਾਹਿਬ ਦੀ ਹੋਰ ਦੇਣ ਖ਼ਾਲਸ ਇਨਸਾਨ ਦੀ ਸਾਜਨਾ, ਖ਼ਾਲਸ ਸਿਖ ਦੀ ਸਾਜਨਾ ਜੋ ਕਿ ਦੀਨ ਦੁਨੀ ਦੀ ਰਖਿਆ ਕਰਨ ਵਾਲਾ ਸੰਤ ਸਿਪਾਹੀ ਹੈ। ਇਸ ਸਭ ਤੋਂ ਉਪਰ ਆਚਰਨ ਦੀ ਸ਼ੁਧਤਾ ਵਾਲੇ ਸਿਖ ਦੀ ਕਲਪਨਾ। ਆਚਰਨ ਐਸਾ ਉੱਚਾ ਕਿ ਨਫ਼ਰਤ ਵਿਚ ਅੰਨ੍ਹਾਂ ਹੋਇਆ ਮੁਗ਼ਲ ਲਿਖਾਰੀ ਸਿਖਾਂ ਨੂੰ ਸਗ (ਕੁੱਤਾ) ਲਿਖਦਿਆਂ ਵੀ ਉਨ੍ਹਾਂ ਦੇ ਆਚਰਨ ਦੀ ਤਾਰੀਫ਼ ਕਰਦਾ ਹੈ। ਆਚਰਨ ਐਸਾ ਉੱਚਾ ਕਿ ਆਪਣੀ ਇਸਤ੍ਰੀ ਤੋ ਬਿਨਾਂ ਹੋਰ ਕਿਸੇ ਇਸਤ੍ਰੀ ਵਲ ਮਾੜੀ ਨਜ਼ਰ ਨਾਲ ਤਕਣਾ ਵੀ ਨਹੀਂ -

ਨਿਜੁ ਨਾਰੀ ਸੰਗ ਨੇਹੁ ਤੁਮ ਨਿਤ ਬਢਅਹੁ
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ।।
(ਪਖਿਆਨ ਚਰਿਤ੍ਰ)

ਪਰ ਨਾਰੀ ਦਾ ਖਿਆਲ ਸੁਪਨੇ ਵਿਚ ਵੀ ਨਾਂ ਕਰਨ ਦੀ ਤਾੜਨਾ ਹੈ।

ਮਨੁੱਖ ਦੇ ਸੁਭਾਅ ਦੀਆਂ ਸਭ ਤੋਂ ਵੱਡੀਆਂ ਦੋ ਕਮਜੋਰੀਆਂ ਹਨ- ਪਰ ਧਨ ਤੇ ਕਬਜ਼ਾ ਅਤੇ ਪਰਾਈ ਖ਼ੂਬਸੂਰਤੀ ਨੂੰ ਹਥਿਆਉਣਾ। ਦੁਨੀਆਂ ਦੇ ਇਤਿਹਾਸ ਵਿਚ ਜਿਤਨੇ ਵੀ ਯੁੱਧ ਹੋਏ ਹਨ ਉਹ ਜਰ, ਜੋਰੂ ਅਤੇ ਜ਼ਮੀਨ ਲਈ ਹੋਏ ਹਨ। ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੀਂ ਜੋਤ ਤੱਕ ਸਭ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਦਾ ਨਿਚੋੜ ਆਪਣੇ ਸਿਖਾਂ ਦੇ ਆਚਰਨ ਦੀ ਉਸਾਰੀ ਹੀ ਦਸਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪਰਾਏ ਧਨ ਵਾਸਤੇ *'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ'।।* ਕਹਿ ਕੇ ਤਾੜਨਾ ਕਰ ਦਿੱਤੀ ਸੀ ਅਤੇ ਪਰ ਇਸਤ੍ਰੀ ਵਾਸਤੇ ਫ਼ੁਰਮਾਨ ਗੁਰਬਾਣੀ ਵਿਚੋਂ ਮਿਲਦਾ ਹੈ- *'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ'* (ਸੁਖਮਨੀ ਸਾਹਿਬ)। ਰਹਿਤਨਾਮੇ ਵਿੱਚ ਸਿਖ ਦੇ ਉੱਚੇ ਆਚਰਨ ਲਈ ਬੜਾ ਪਿਆਰ ਭਰਿਆ ਉਪਦੇਸ਼ ਹੈ -

ਪਰ ਬੇਟੀ ਕੋ ਬੇਟੀ ਜਾਨੈ,
ਪਰ ਇਸਤ੍ਰੀ ਕੋ ਮਾਤ ਬਖਾਨੈ।।
ਆਪਣੀ ਇਸਤ੍ਰੀ ਸੋ ਰਤ ਹੋਈ,
ਰਹਿਤਵਾਨ ਗੁਰ ਕਾ ਸਿਖ ਸੋਈ।।

ਗੁਰੂ ਸਾਹਿਬ ਜੀ ਨੇ ਗੁਰੂ ਨਾਨਕ ਦੀ ਦਿੱਤੀ ਹੋਈ ਭਗਤੀ ਨਾਲ ਸ਼ਕਤੀ ਦਾ ਸੁੰਦਰ ਸੁਮੇਲ ਕੀਤਾ। ਇੱਕ ਅਜਿਹੇ ਸੰਤ ਸਿਪਾਹੀ ਦੀ ਰਚਨਾ ਕੀਤੀ ਜੋ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਹੋਈ ਵਿਚਾਰਧਾਰਾ ਦਾ ਸਿਖਰ ਬਣਿਆ। ਗੁਰੂ ਨਾਨਕ ਸਾਹਿਬ ਜੀ ਨੇ ਜੋ ਵਿਚਾਰ ਦਿੱਤੇ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।। (੯੬੬) ਦਾ ਸਫ਼ਰ ਤਹਿ ਕਰਦੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਦੀ ਮੰਜਿਲ ਤੇ ਪਹੁੰਚਦੀ ਹੈ। ਗੁਰੂ ਜੀ ਦਾ ਸਿਖ ਸੰਤ ਰੂਪ ਵਿਖ ਫਕੀਰ ਹੈ, ਨਿਮਰ ਹੈ, ਗਰੀਬ ਹੈ, ਭਗਤ ਹੈ ਪਰ ਮਜ਼ਲੂਮ ਦੀ, ਗਰੀਬ ਦੀ, ਦੀਨ ਦੁਖੀ ਦੀ ਰਖਿਆ ਕਰਨ ਦੇ ਲਈ ਉਹ ਸਿਪਾਹੀ ਦੇ ਰੂਪ ਵਿਚ ਵਿਚਰਨ ਲਗਦਾ ਹੈ। ਗੁਰੂ ਸਾਹਿਬ ਦਾ ਸਾਜਿਆ ਸਿਖ ਪਹਿਲਾਂ ਕਿਸੇ ਨੂੰ ਡਰਾਉਂਦਾ ਨਹੀਂ ਪਰ ਡਰਦਾ ਵੀ ਨਹੀਂ। ਕਿਸੇ ਲਾਲਚ ਅਧੀਨ, ਨਿਜੀ ਸਵਾਰਥ ਲਈ ਹਮਲਾ ਵੀ ਨਹੀਂ ਕਰਦਾ -

"ਭੈ ਕਾਹੂੰ ਕੋ ਦੇਤ ਨਹ ਨਹਿ ਭੈ ਮਾਨਤ ਆਨ"

ਤੇ ਚਲਦਿਆਂ ਉਹ ਗਰੀਬ ਦੀ, ਮਜ਼ਲੂਮ ਦੀ, ਦੀਨ ਦੁਖੀ ਦੀ ਮਦਦ ਦੇ ਲਈ ਹਰ ਵਸੀਲੇ ਨਾਲ ਤਿਆਰ ਰਹਿੰਦਾ ਹੈ। ਜੇ ਹੋਰ ਸਾਰੇ ਵਸੀਲੇ ਕੰਮ ਨਾ ਆਉਣ ਤਾਂ-

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।
(ਜ਼ਫ਼ਰਨਾਮਾ)

ਤਲਵਾਰ ਲੈ ਕੇ ਸਿਰ ਧੜ ਦੀ ਬਾਜ਼ੀ ਲਗਾ ਦਿੰਦਾ ਹੈ। ਗੁਰੂ ਨਾਨਕ ਸਾਹਿਬ ਦੇ ਇਸ ਵਿਚਾਰ

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।। (੧੪੧੨)


www.AKJ.Org

ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨਤਾ ਦਿੱਤੀ ਤਾਂ ਹੀ ਡਾ: Gokal Chand Narang ਲਿਖਦੇ ਹਨ

The steel used for the sword of Guru Gobind Singh Ji was Provided by Guru NaNak Dev Ji.

ਗੁਰੂ ਜੀ ਦੀ ਸ਼ਖਸੀਅਤ ਦਾ ਹੋਰ ਪੱਖ ਉਨ੍ਹਾਂ ਦਾ ਮਾਨਵਵਾਦੀ ਹੋਣਾ ਹੈ। ਉਨ੍ਹਾਂ ਨੇ ਜਬਰ ਤੇ ਜ਼ੁਲਮ ਦੇ ਖਿਲਾਫ਼ ਤਲਵਾਰ ਉਠਾਈ। ਸ਼ਖਸੀ ਤੌਰ ਤੇ ਉਨ੍ਹਾਂ ਦਾ ਕਿਸੇ ਨਾਲ ਕੋਈ ਵਿਰੋਧ ਨਹੀਂ ਸੀ। ਲੜਾਈ ਦੇ ਮੈਦਾਨ ਵਿਚ ਸਿਖ਼ਾਂ ਅਤੇ ਮੁਗਲ ਸਿਪਾਹੀਆਂ ਦੀ ਇਕੋ [illegible] ਦੇਖ ਭਾਲ ਅਤੇ ਪਾਣੀ ਪਿਲਾਉਣ ਦੀ ਸੇਵਾ ਭਾਈ ਘਨਈਆ ਜੀ ਨੇ ਕੀਤੀ ਅਤੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਇਹ ਹੀ Red Cross ਦੀ ਬੁਨਿਆਦ ਹੈ। ਗੁਰੂ ਸਾਹਿਬ ਜੀ ਦਾ ਜਿਹੜਾ ਤੀਰ ਕਿਸੇ ਮੁਗਲ ਸਿਪਾਹੀ ਨੂੰ ਮਾਰ ਕਰਦਾ ਸੀ ਉਸ ਨਾਲ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ ਤਾਂ ਜੋ ਉਸ ਪੈਸੇ ਨਾਲ ਉਸਦੀ ਅੰਤਿਮ ਕਿਰਿਆ ਹੋ ਸਕੇ। ਗੁਰੂ ਸਾਹਿਬ ਜੀ ਦਾ ਇਹ ਮਾਨਵਵਾਦੀ ਸੁਭਾਅ ਉਨ੍ਹਾਂ ਨੂੰ ਸਭ ਤੋਂ ਵਿਲੱਖਣ ਬਣਾਉਂਦਾ ਹੈ।

ਗੁਰੂ ਸਾਹਿਬ ਦੀ ਸ਼ਖਸੀਅਤ ਦਾ ਇਕ ਹੋਰ ਚਮਤਕਾਰੀ ਪੱਖ ਉਨ੍ਹਾਂ ਦਾ ਉੱਚ ਕੋਟੀ ਦਾ ਸਾਹਿਤਕਾਰ ਹੋਣਾ ਹੈ। ਉਹ ਪੰਜਾਬੀ, ਸੰਸਕ੍ਰਿਤ, ਬ੍ਰਜ, ਫ਼ਾਰਸੀ ਦੇ ਉੱਚਕੋਟੀ ਦੇ ਵਿਦਵਾਨ ਸਨ। ਉਹ ਆਪ ਉੱਚਕੋਟੀ ਦੇ ਵਿਦਵਾਨ ਸਨ ਤੇ ਵਿਦਵਾਨਾਂ ਦੇ ਕਦਰਦਾਨ ਸਨ। ਆਪ ਜੀ ਦੇ ਦਰਬਾਰ ਵਿਚ 52 ਕਵੀ ਰਹਿੰਦੇ ਸਨ। ਉਨ੍ਹਾਂ ਦੀਆਂ ਰਚਨਾਵਾਂ ਆਪ ਬੜੇ ਸ਼ੌਕ ਤੇ ਉਤਸ਼ਾਹ ਨਾਲ ਸੁਣਦੇ ਅਤੇ ਖੁਸ਼ ਹੋ ਕੇ ਕਵੀਆਂ ਨੂੰ ਇਨਾਮ ਦਿੰਦੇ। ਗੁਰੂ ਸਾਹਿਬਾਂ ਦੀਆਂ ਰਚਨਾਵਾਂ ਵਿਚੋਂ ਜਾਪੁ ਸਾਹਿਬ, ਚੰਡੀ ਦੀ ਵਾਰ, ਬਚਿਤ੍ਰ ਨਾਟਕ, ਸ੍ਵਯੇ, ਜ਼ਫ਼ਰਨਾਮਾ, ਫ਼ਤਿਹਨਾਮਾ ਸੰਸਾਰ ਪੱਧਰ ਦੇ ਧਾਰਮਿਕ ਸਾਹਿਤ ਦੀ ਗਿਣਤੀ ਵਿੱਚ ਆਉਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦੇ ਉਪਦੇਸ਼, ਉਨ੍ਹਾਂ ਦੇ ਜੀਵਨ ਦਾ ਉਦੇਸ਼ ਸਪਸ਼ਟ ਪ੍ਰਗਟ ਹੁੰਦੇ ਹਨ। ਜਾਪ ਸਾਹਿਬ ਅਤੇ ਅਕਾਲ ਉਸਤਤ ਪ੍ਰਮਾਤਮਾ ਦੀ ਮਹਿਮਾ ਬਿਆਨ ਕਰਦੀਆਂ ਹਨ। ਉਨ੍ਹਾਂ ਦੇ ਜੀਵਨ ਦਾ ਆਦਰਸ਼

ਦੇਹ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।

ਸ਼ਬਦ ਵਿੱਚ ਅੰਕਿਤ ਹੈ। ਸਾਹਿਤ ਨਾਲ ਪ੍ਰੇਮ ਉਨ੍ਹਾਂ ਦਾ ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਨੇ ਸਿਖਾਂ ਨੂੰ ਸੰਸਕ੍ਰਿਤ ਸਿਖਣ ਲਈ ਕਾਸ਼ੀ ਭੇਜਿਆ ਅਤੇ ਫਿਰ ਤਲਵੰਡੀ ਸਾਬੋ ਵਿਖੇ ਸਾਰੇ ਸਾਹਿਤਕਾਰਾਂ ਨੂੰ, ਕਵੀਆਂ ਨੂੰ ਇਕੱਠਾ ਕੀਤਾ ਅਤੇ ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਦਾ ਨਾਮ ਦਿੱਤਾ। ਗੁਰੂ ਜੀ ਦੀ ਰਚਨਾ ਵਿਚੋਂ ਪ੍ਰਮਾਤਮਾ ਦੀ ਉਸਤਤੀ, ਮਹਿਮਾਂ ਤੋਂ ਬਿਨਾਂ ਸਿਖ, ਦਾਨ ਧਰਮ, ਮੁਕਤੀ ਅਤੇ ਕਰਮ ਬਾਰੇ ਪਤਾ ਲਗਦਾ ਹੈ। ਤੀਰਥ, ਬ੍ਰਤ, ਇਸ਼ਨਾਨ ਆਦਿ ਕਰਮ ਸਭ ਬੇ ਅਰਥ ਹਨ

ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ।।
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ
ਲੋਕ ਗਯੋ ਪਰਲੋਕ ਗਵਾਇਓ।।

ਸਾਰੇ ਫੋਕਟ ਕਰਮਾਂ ਤੋਂ ਉਪਰ ਸਚੀ ਪ੍ਰੀਤ ਹੈ -

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਇਸ ਤਰ੍ਹਾਂ ਇਸ ਨਾਯਾਬ ਸ਼ਖਸੀਅਤ ਨੇ ਆਪਣੀਆਂ ਇਨ੍ਹਾਂ ਸਭ ਪ੍ਰਾਪਤੀਆਂ ਤੋਂ ਬਾਦ ਇਸ ਨੂੰ ਅਕਾਲਪੁਰਖ ਦੀ ਬਖ਼ਸ਼ਿਸ਼ ਦਸਿਆ

ਭਈ ਜੀਤ ਮੇਰੀ ਕਿਰਪਾ ਅਕਾਲ ਤੇਰੀ

ਅਤੇ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ

ਮੈਂ ਹੋ ਪਰਮ ਪੁਰਖ ਕੋ ਦਾਸਾ
ਦੇਖਨ ਆਯੋ ਜਗਤ ਤਮਾਸ਼ਾ।।

ਕਿਹਾ।

ਇਸ ਸਾਰੀ ਵਿਚਾਰ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਚ ਹੀ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਹਨ।

---

**ਸਮੂਹ ਕੀਰਤਨੀਏ ਅਤੇ ਪ੍ਰਬੰਧਕਾਂ ਦੇ ਧਿਆਨ ਯੋਗ :-**

1. ਸਾਰੇ ਕੀਰਤਨੀਆਂ ਨੇ ਸਾਦਾ ਪੁਸ਼ਾਕ ਪਹਿਨੀ ਹੋਣੀ ਚਾਹੀਦੀ ਹੈ ਤੇ ਸ੍ਰੀ ਸਾਹਿਬ ਸਾਰੇ ਬਸਤਰਾਂ ਦੇ ਉਪਰੋਂ ਦੀ ਸਜਾਈ ਹੋਵੇ। ਆਪਣਾ ਹਜ਼ੂਰੀਆ ਆਪੋ ਆਪਣਾ ਆਪਣੇ ਕੋਲ ਰੱਖਣ।
2. ਕੀਰਤਨੀਏ ਸਿੰਘ ਕੀਰਤਨ ਦੀ ਸੇਵਾ ਸਮੇਂ ਪੈਂਟ ਕਮੀਜ਼ ਪਹਿਨਣ ਤੋਂ ਗੁਰੇਜ਼ ਕਰਨ। ਤੇ ਬੀਬੀਆਂ ਵੀ ਭੜਕੀਲੇ ਰੰਗਾਂ ਦੇ ਵਸਤਰ ਨਾ ਪਹਿਨਣ।
3. ਸ਼ਬਦਾਂ ਸਬੰਧੀ ਪ੍ਰਮਾਣ ਡੂੰਘੀ ਸੋਚ ਵਿਚਾਰ ਤੋਂ ਬਾਅਦ ਢੁੱਕਵੇਂ ਅਤੇ ਸ਼ਬਦ ਦੇ ਪੂਰਾ ਹੋਣ ਤੋਂ ਬਾਅਦ ਹੀ ਦਿੱਤੇ ਜਾਣ।
4. ਸਮੂਹ ਗੁਰਮੁਖ ਪਿਆਰੇ ਗੁਰਬਾਣੀ ਕੰਠ ਕਰਕੇ ਹੀ ਕੀਰਤਨ ਕਰਨ ਦਾ ਯਤਨ ਕਰਨ।
5. ਪੋਥੀ ਗੁਟਕੇ ਆਦਿ ਨੂੰ ਵਾਜੇ ਤੇ ਜਾ ਗੋਡਿਆਂ ਤੇ ਨਾ ਰਖਿਆ ਜਾਵੇ ਸਗੋਂ ਅੱਲਗ ਚੌਂਕੀ ਜਾਂ ਰੇਹਲ ਤੇ ਰਖਿਆ ਜਾਵੇ।


www.AKJ.Org

## ਟੂਟੀ ਗਾਢਨਹਾਰ ਗੋਪਾਲ

(ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ)

ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਸੁਖਮਨੀ ਸਾਹਿਬ ਦੀ ਪੰਦਰਵੀਂ ਅਸ਼ਟਪਦੀ ਵਿੱਚ ਫੁਰਮਾਉਂਦੇ ਹਨ- *"ਟੂਟੀ ਗਾਢਨਹਾਰ ਗੋਪਾਲ।।"* (੨੮੨) ਸਤਿਗੁਰੂ ਭੁੱਲੇ ਭਟਕੇ, ਟੀਚੇ ਤੋਂ ਥਿੜਕੇ, ਕੁਰਾਹੇ ਪੈ ਗਏ, ਆਪਣੇ ਸ਼ਰਧਾਲੂਆਂ ਅਤੇ ਅਨੁਆਈਆਂ ਨੂੰ ਕੀਤੇ ਤੇ ਪਸ਼ਚਾਤਾਪ ਕਰਨ ਉਪਰੰਤ ਚਰਨੀ, ਸ਼ਰਨੀ ਲਾ ਕੇ ਬਖਸ਼ ਦਿੰਦੇ ਹਨ। "ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ" (ਸਿਰੀਰਾਗੁ ਮ: ੧, ਪੰਨਾ ੬੧) ਦੇ ਮਹਾਂਵਾਕ ਅਨੁਸਾਰ ਸਤਿਗੁਰੂ ਜੀ "ਸੇਵਕ ਕਉ ਨਿਕਟੀ ਹੋਇ ਦਿਖਾਵੈ।।" (ਆਸਾ ਮ: ੫, ਪੰਨਾ ੪੦੩) ਹਨ। ਸੇਵਕ ਜੋਦੜੀ ਕਰਦਾ ਹੈ, ਤਰਲੇ ਲੈਂਦਾ ਹੈ, ਬਖਸ਼ੇ ਜਾਣ ਲਈ ਐਉਂ ਵਾਸਤੇ ਪਾਂਦਾ ਹੈ -

(ੳ) ਹਮਰੀ ਗਣਤ ਨ ਗਣੀਆ ਕਾਈ
ਅਪਣਾ ਬਿਰਦੁ ਪਛਾਣਿ।।੧।।੪੪।।(੬੧੯)

(ਅ) ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ,
ਅਬ ਪਤੀਆਰੁ ਕਿਆ ਕੀਜੈ।।੧।।
(ਧਨਾਸਰੀ ਰਵਿਦਾਸ ਜੀ, ੬੯੪)

(ੲ) ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ।।
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ।।...
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ।।੪।।੫੮।।
(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬)

ਸਤਿਗੁਰਾਂ ਤੋਂ ਵਿਛੜੀ ਬਿਹਬਲ ਹੋਈ ਸਚੀ ਆਤਮਾ ਪੁਕਾਰ ਕਰਦੀ ਹੈ ਕਿ ਸੱਚੇ ਪਾਤਸ਼ਾਹ, ਪਿਛਲੇ ਔਗੁਣ ਬਖਸ਼ ਕੇ, ਅੱਗੇ ਨੂੰ ਸਿੱਧਾ ਮਾਰਗ ਦਿਖਾਵੇ।

ਕੁਝ ਅਜਿਹੀ ਹੀ ਦੁਰਦਸ਼ਾ ਸਤੇ ਅਤੇ ਬਲਵੰਡ, ਦੋਹਾਂ ਭਰਾਵਾਂ ਦੀ ਹੋਈ ਜਦੋਂ ਸਤਿਗੁਰੂ ਨਾਨਕ ਦੇਵ ਜੀ ਅਤੇ ਉਤਰਾਧਿਕਾਰੀ ਸਤਿਗੁਰਾਂ ਦੀ ਨਿੰਦਾ ਕਾਰਨ ਸਤਿਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ ਫਿਟਕਾਰ ਕੇ ਦੁਰਕਾਰ ਦਿੱਤਾ ਅਤੇ ਹੁਕਮ ਕੀਤਾ ਕਿ ਕੋਈ ਸਿੱਖ ਇਨ੍ਹਾਂ ਨੂੰ ਮੱਥੇ ਨਾ ਲਾਵੇ। ਦੋਨੋਂ ਕੋੜ੍ਹੀ ਹੋ ਗਏ, ਪਛਤਾਏ ਪਰ ਸਤਿਗੁਰਾਂ ਦੇ ਨੇੜੇ ਕਿਵੇਂ ਆਂਦੇ ? ਅੰਤ ਭਾਈ ਲੱਧਾ ਜੀ ਪਰਉਪਕਾਰੀ, ਲਾਹੌਰ ਨਿਵਾਸੀ ਨੇ ਪੰਚਮ ਪਾਤਸ਼ਾਹ ਵੱਲੋਂ ਲਾਈ ਗਈ ਸ਼ਰਤ ਅਨੁਸਾਰ ਮੂੰਹ ਕਾਲਾ ਕਰ ਕੇ ਅਤੇ ਖੋਤੇ ਤੇ ਚੜ੍ਹ ਕੇ ਸਤਿਗੁਰਾਂ ਤਕ ਪਹੁੰਚਣ ਦਾ ਹੀਆ ਕੀਤਾ। ਸਤਿਗੁਰਾਂ ਨੇ "ਧੰਨ ਭਾਈ ਲੱਧਾ ਪਰਉਪਕਾਰੀ" ਆਖਦੇ ਹੋਏ ਭਾਈ ਜੀ ਨੂੰ ਜੱਫੀ ਵਿਚ ਲਿਆ, ਥਾਪੜਾ ਦਿੱਤਾ ਤੇ ਸਤੇ ਤੇ ਬਲਵੰਡ ਦੀ ਬਖਸ਼ੀ ਕੀਤੀ।

ਇਉਂ ਹੀ ਸਤਿਗੁਰੂ ਦਸਮੇਸ਼ ਜੀ ਨੇ ਆਪਣੇ ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ ਪ੍ਰਿਥੀ ਚੰਦ ਜੀ ਦੀ ਸੰਤਾਨ ਵਿਚੋਂ ਸੋਢੀ ਕੋਲ ਮੀਣੇ ਨੂੰ ਦਿਲਵਾਂ ਵਿਖੇ ੧੭੦੫ ਈਸਵੀ ਵਿਚ ਮੁਕਤਸਰ ਜਾਂਦੇ ਹੋਏ, ਮਾਫ਼ੀ ਦਿੱਤੀ ਅਤੇ ਪਰਿਵਾਰ ਨੂੰ ਸਿੰਘ ਸਜਾਇਆ। ਇਹਨਾਂ ਨੂੰ ਸਿੱਖੀ ਵਿਚੋਂ ਛੇਕਿਆ ਹੋਇਆ ਸੀ। ਦਸਮੇਸ਼ ਜੀ ਨੇ ਸੋਢੀ ਕੌਲ ਜੀ ਦੀ ਬੇਨਤੀ ਮੰਨ ਕੇ ਮਾਛੀਵਾੜੇ ਵਾਲਾ ਨੀਲਾ ਬਾਣਾ ਉਤਾਰ ਕੇ ਚਿੱਟੇ ਬਸਤਰ ਪਹਿਨੇ। ਟੂਟੀ ਗੰਢਣ ਦੀ ਪਰਪਾਟੀ ਸਿੱਖ ਧਰਮ ਦੀ ਮਰਿਯਾਦਾ ਦਾ ਇੱਕ ਅਟੁੱਟ ਅੰਗ ਹੈ। ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਭਾਵੇਂ ਇਸ ਦਾ ਬਹੁਤਾ ਸੰਬੰਧ ਚਾਲੀ ਮੁਕਤਿਆਂ ਦੀ ਸ਼ਹੀਦੀ ਨਾਲ ਜੋੜਿਆ ਜਾਂਦਾ ਹੈ, ਜੋ ਬਿਰਤਾਂਤ ਨਿਮਨ ਲਿਖਤ ਹੈ :

੧੭੦੫ ਈਸਵੀ ਵਿਚ ਮੁਗਲਈ ਫ਼ੌਜਾਂ "ਪਾਪ ਕੀ ਜੰਞ" ਅਤੇ ਬਾਈ ਧਾਰਾਂ ਦੇ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਅੰਦਰ ਰਾਸ਼ਨ-ਪਾਣੀ, ਪੱਠਾ ਚਾਰਾ ਮਸਤਾਨੇ ਹੋ ਗਏ। ਸਿੰਘ ਸਿੰਘਣੀਆਂ ਵਿਆਕੁਲ ਹੋ ਗਏ। ਪਰ ਕੁਝ ਸਿੰਘ ਬਹੁਤੇ ਹੀ ਘਬਰਾ ਗਏ ਅਤੇ ਅਸ਼ਰਧਕ ਹੋ ਕੇ ਗੁਰੂ ਸਾਹਿਬ ਨੂੰ ਸਾਫ਼ ਸ਼ਬਦਾਂ ਵਿਚ ਆਖ ਦਿੱਤਾ ਕਿ ਅਸੀਂ ਚਲੇ ਹਾਂ। ਸਤਿਗੁਰਾਂ ਸਮਝਾਇਆ, "ਤੁਸੀਂ ਦਿਲ ਨਾ ਛੱਡੋ, ਚੜ੍ਹਦੀਆਂ ਕਲਾਂ ਵਿਚ ਆਓ ਅਤੇ ਢਹਿੰਦੀਆਂ ਕਲਾਂ ਤਿਆਗੋ, ਗੁਰਸਿੱਖੀ, ਇਹੋ ਸਬਕ ਸਿਖਾਂਦੀ ਹੈ। ਪਰ ਉਨ੍ਹਾਂ ਦੀ ਮਤ ਤੇ ਪਰਦਾ ਪੈ ਗਿਆ। ਉਹ ਬਾਹਰ ਨਿਕਲ ਕੇ ਜਾਣ ਤੇ ਅੜੇ ਰਹੇ। ਅੰਤ ਗੁਰੂ ਜੀ ਨੂੰ ਇਹ ਲਿਖ ਕੇ ਦੇ ਦਿੱਤਾ, "ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।" ਸਤਿਗੁਰਾਂ ਇਹ ਲਿਖਤ ਆਪਣੇ ਕਮਰਕੱਸੇ ਵਿਚ ਰੱਖ ਲਈ।

ਸਤਿਗੁਰੂ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ੫-੬ ਦਸੰਬਰ ਦੀ ਰਾਤ ਨੂੰ ਛੱਡ ਕੇ, ਅੰਤ ਰਵਾਂ ਰਵੀਂ ਦਿਲਵਾਂ ਕਲਾਂ ਪਹੁੰਚੇ। ਇਸ ਸਮੇਂ ਅੰਦਰ ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ ਤੇ ਸੈਂਕੜੇ ਸਿੰਘ, ਸਿੰਘਣੀਆਂ ਸ਼ਹੀਦ ਹੋ ਚੁੱਕੇ ਸਨ। ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀਆਂ ਫ਼ੌਜਾਂ ਸਤਿਗੁਰਾਂ ਦਾ ਪਿੱਛਾ ਕਰ ਰਹੀਆਂ ਸਨ। ਸਤਿਗੁਰਾਂ ਨੂੰ ਵੀ ਇਸ ਦਾ ਗਿਆਨ ਸੀ। ਇਸ ਸਮੇਂ ਤੱਕ ਨਵੇਂ ਸਿਰੇ ਦਸਮੇਸ਼ ਜੀ ਦੀ ਸੈਨਾ ਵਿੱਚ ਕਾਫ਼ੀ ਮਰਜੀਵੜੇ ਭਰਤੀ



www.AKJ.Org

ਹੋ ਚੁੱਕੇ ਸਨ। ਗੁਰੂ ਜੀ ਵੈਰੀ ਦਲ ਨਾਲ ਟੱਕਰ ਲੈਣ ਲਈ ਕਿਸੇ ਯੋਗ ਟਿਕਾਣੇ ਦੀ ਭਾਲ ਵਿਚ ਸਨ। ਆਪ ਖਿਦਰਾਣੇ ਦੀ ਢਾਬ ਤੇ ਪੁੱਜ ਗਏ। ਢਾਬ ਵਿਚ ਪਾਣੀ ਸੀ, ਜਿਸ ਦੀ ਅਤੀ ਲੋੜ ਸੀ। ਕਾਮਯਾਬ ਲੜਾਈ ਕਰਨ ਦੇ ਪੱਖੋਂ ਆਪ ਨੇ ਇਸ ਟਿਕਾਣੇ ਨੂੰ ਮੱਲ ਲਿਆ। ਇਹ ਉਹ ਸਮਾਂ ਸੀ ਜਦੋਂ ਮੁਗ਼ਲਾਂ ਦਾ ਤੇਜ ਪਰਤਾਪ ਘਟ ਗਿਆ ਸੀ। ਉਹਨਾਂ ਦੀਆਂ ਫ਼ੌਜਾਂ ਵੀ ਭਾੜੇ ਦੇ ਟੱਟੂ ਬਣ ਚੁੱਕੀਆਂ ਸਨ। ਪਰ ਇਲਾਕੇ ਵਿਚ ਬਰਾੜ ਜੱਟ ਕਾਫ਼ੀ ਆਕੀ ਤੇ ਖ਼ੁਦ-ਮੁਖ਼ਤਾਰ ਹੋ ਚੁੱਕੇ ਸਨ। ਭਾਈ ਕੁਇਰ ਸਿੰਘ ਨੇ ਇਉਂ ਲਿਖਿਆ ਹੈ :

ਆਕੀ ਮਹਾਂ ਦੇਸ ਯਹਿ ਜਾਨੋ,
ਜਹਾ ਸਤਰ ਕੋ ਨਹੀਂ ਪਛਾਨੋਂ।
ਕੋਟ ਸੈਨ ਲਸ਼ਕਰ ਜੋ ਆਵੇ,
ਤਦਪਿ ਯਹਾ ਤੇ ਜੀਤ ਨਾ ਜਾਵੇ।

ਸਤਿਗੁਰਾਂ ਨੇ ਫ਼ੌਜ ਨੂੰ ਟਿਕਾਣਿਆਂ ਤੇ ਤਤਪਰ ਕੀਤਾ ਤੇ ਆਪ ਇੱਕ ਟਿੱਬੀ ਉਪਰ ਤੀਰ ਕਮਾਨ ਤੇ ਭੱਥਾ ਲੈ ਕੇ ਡਟ ਗਏ। ਭਾਵ, ਲੜਾਈ ਦੀ ਪੂਰੀ ਤਿਆਰੀ ਸੀ, ਹੁਣੇ ਹੋਈ ਕਿ ਹੋਈ। ਵਜ਼ੀਰ ਖਾਂ ਦੀ ਦੋ ਹਜ਼ਾਰ ਫ਼ੌਜ ਵੀ ਆ ਗਈ। ਇਹ ਵਾਰਤਾ ੩੦ ਪੋਹ, ੧੭੬੨ ਮੁਤਾਬਿਕ ੨੯ ਦਸੰਬਰ, ੧੭੦੫ ਦੀ ਹੈ।

ਬੇਦਾਵੀਏ ਸਿੰਘ ਵੀ ਜਦੋਂ ਆਪਣੇ ਪਿੰਡਾਂ ਵਿਚ ਪੁਜੇ, ਉਦੋਂ ਤੱਕ ਦਸਮੇਸ਼ ਜੀ ਦੇ ਅਨੰਦਪੁਰ ਛੱਡਣ, ਸਾਹਿਬਜ਼ਾਦਿਆਂ ਤੇ ਸੈਂਕੜੇ ਸਿੰਘਾਂ ਦੀਆਂ ਸ਼ਹੀਦੀ ਦੀਆਂ ਗਾਥਾਵਾਂ ਉਥੇ ਪਹਿਲਾਂ ਹੀ ਪੁੱਜ ਚੁੱਕੀਆਂ ਸਨ। ਜਦੋਂ ਇਹਨਾਂ ਨੇ ਬੇਦਾਵੇ ਦੀ ਗੱਲ ਕੀਤੀ ਤਾਂ ਸਾਰਾ ਇਲਾਕਾ ਅਣਖ, ਗੌਰਵ ਤੇ ਗੈਰਤ ਦੇ ਹੁਲਾਰੇ ਸਦਕਾ ਝੂਲ ਉੱਠਿਆ। ਬੇਦਾਵੀਆਂ ਦੀਆਂ ਪਤਨੀਆਂ, ਮਾਵਾਂ, ਭੈਣਾਂ, ਧੀਆਂ ਨੇ ਉਹਨਾਂ ਨੂੰ ਘਗਰੀਆਂ ਸੁਥਣਾਂ ਪੇਸ਼ ਕੀਤੀਆਂ ਤੇ ਰੋਟੀਆਂ ਪਕਾਉਣ ਲਈ ਮਿਹਣਾ ਮਾਰਿਆ ਤੇ ਆਪ ਦਸਮੇਸ਼ ਜੀ ਦੀ ਸ਼ਰਨ ਵਿਚ ਜਾ ਕੇ, ਮੈਦਾਨ ਅੰਦਰ ਜੂਝ ਕੇ, ਸਦਗਤੀ ਪ੍ਰਾਪਤ ਕਰਨ ਲਈ ਤਿਆਰ ਹੋ ਗਈਆਂ। ਮਾਈ ਭਾਗੋ ਨੇ ਕੋਠੇ ਤੇ ਪੱਲੂ ਫੇਰਿਆ, "ਅਸੀਂ ਮਾਤਾ ਤ੍ਰਿਪਤਾ, ਮਾਤਾ ਖੀਵੀ, ਬੀਬੀ ਅਮਰੋ, ਬੀਬੀ ਵੀਰੋ, ਮਾਤਾ ਸੁਲਖਣੀ, ਮਾਤਾ ਜੀਤੋ ਤੇ ਮਾਤਾ ਸੁੰਦਰੀ ਦੀਆਂ ਵਾਰਿਸ ਹਾਂ। ਵੈਰੀ ਦੇ ਸਿਰ ਚੜ੍ਹ ਕੇ ਲੜਾਂਗੀਆਂ, ਮਰਾਂਗੀਆਂ, ਪਰ ਮਹਾਨ ਸਿਖੀ ਅਣਖ ਨੂੰ ਬੇਦਾਗ, ਦੁੱਧ ਧੋਤੀ ਰੱਖਾਂਗੀਆਂ।" ਇਹੋ ਜਿਹੇ ਵਾਤਾਵਰਣ ਨੂੰ ਦੇਖ ਕੇ ਬੇਦਾਵੀਏ ਅਤੀ ਲਜਿਆਵਾਨ ਤੇ ਪਸ਼ੇਮਾਨ ਹੋਏ ਅਤੇ ਟੁਟੀ ਗੰਢਾਣ ਨਹੀ ਤਿਆਰ ਹੋ ਗਏ। ਮਾਈ ਭਾਗੋ ਦੀ ਕਮਾਨ ਹੇਠ ਇਹ ਚਾਲ੍ਹੀ ਸਿੰਘ ਸਤਿਗੁਰਾਂ ਦੇ ਦਰਸ਼ਨਾ ਤੇ ਮਾਫ਼ੀ ਮੰਗਣ ਖਾਤਰ ਤੁਰ ਪਏ। ਸਤਿਗੁਰਾਂ ਦੇ ਥਾਂ ਟਿਕਾਣਿਆਂ ਦਾ ਪਤਾ ਕਰਦੇ ਹੋਏ, ਖਿਦਰਾਣੇ ਦੀ ਢਾਬ ਵੱਲ ਚਲ ਪਏ ਤੇ ਨੇੜੇ ਪੁੱਜ ਗਏ।

ਠੀਕ ਇਸ ਸਮੇਂ ਵਜ਼ੀਰ ਖਾਂ ਦੀ ਫ਼ੌਜ ਵੀ ਸਤਿਗੁਰਾਂ ਦਾ ਪਿਛਾ ਕਰਦੀ ਹੋਈ ਢਾਬ ਵਲ ਪਹੁੰਚ ਗਈ। ਬੇਦਾਵੀਆਂ ਨੇ ਇਹ ਭਾਂਪ ਲਿਆ ਕਿ ਮੁਗਲਈ ਫ਼ੌਜ ਸਤਿਗੁਰਾਂ ਤੇ ਹਮਲਾ ਕਰ ਰਹੀ ਹੈ। ਇਹਨਾਂ ਨੇ ਝਾੜੀਆਂ ਤੇ ਮਲ੍ਹਿਆਂ ਤੇ ਚਾਦਰਾਂ ਪਾ ਦਿੱਤੀਆਂ, ਜੋ ਫੌਜੀ ਕੈਂਪ ਦਾ ਭੁਲੇਖਾ ਦਿੰਦਾ ਸੀ। ਇਹ ਇਕ ਜੰਗੀ ਚਾਲ ਸੀ। ਜਿਸ ਦਾ ਭਾਵ ਸੀ ਕਿ ਵਜ਼ੀਰ ਖਾਂ ਗੁਰੂ ਜੀ ਦਾ ਪਿਛਾ ਕਰਨਾ ਛੱਡ ਕੇ ਇਧਰ ਆਏ ਕਿ ਤੰਬੂਆਂ ਵਿਚ ਸਿੰਘਾਂ ਦੀਆਂ ਫੌਜਾਂ ਬੈਠੀਆਂ ਹਨ। ਛੇਤੀ ਹੀ ਸ਼ਾਹੀ ਫ਼ੌਜ ਆ ਪੁੱਜੀ। ਬੜੇ ਘਮਸਾਨ ਦਾ ਯੁੱਧ ਹੋਇਆ। ਸਿੰਘਾਂ ਨੇ ਮੁਗਲਾਂ ਦੇ ਪੈਰਾਂ ਹੇਠੋਂ ਮਿੱਟੀ ਉਡਾ ਦਿੱਤੀ। ਟਿੱਬੀ ਤੇ ਬੈਠੇ ਦਸਮੇਸ਼ ਜੀ ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ ਅਨੇਕਾਂ ਵੈਰੀਆਂ ਨੂੰ ਵਿੰਨ੍ਹ ਕੇ ਲੰਗੜੇ ਲੂਲ੍ਹੇ ਕਰ ਸੁੱਟਿਆ। ਤੁਰਕਾਂ ਦੇ ਆਹੂ ਲਾਹ ਸੁੱਟੇ। ਛੇਤੀ ਹੀ ਵਜ਼ੀਰ ਖਾਂ ਦੀ ਫ਼ੌਜ ਵਿਚ ਅਫਰਾ ਤਫਰੀ ਮੱਚ ਗਈ। ਉਹ ਮੈਦਾਨ ਖ਼ਾਲਸੇ ਦੇ ਹੱਥ ਛੱਡ ਕੇ, ਜਾਨਾਂ ਬਚਾ ਕੇ ਤੋਂਬਾ ਤੋਂਬਾ ਕਰਦੇ ਪਿਛੇ ਨੂੰ ਦੁੰਮ ਦਬਾ ਗਏ। ਜੰਗ ਨਾਲ ਘਰਕੇ ਹੋਏ ਤਿਹਾਏ ਮੁਗਲ ਹੁਣ ਪਾਣੀ ਦੀ ਭਾਲ ਕਰਨ ਲਗੇ, ਪਰ ਪਾਣੀ ਦੀ ਢਾਬ ਤਾਂ ਸਿੰਘਾਂ ਦੇ ਕਬਜ਼ੇ ਵਿਚ ਸੀ ਅੰਤ ਘਬਰਾਏ ਤੇ ਲਾਚਾਰ ਹੋਏ ਪਿਛਾਂਹ ਨੂੰ ਵਾਗਾਂ ਮੋੜ ਗਏ।

ਸਤਿਗੁਰੂ ਜੀ ਟਿੱਬੀ ਤੋਂ ਉਤਰੇ, ਯੁੱਧ ਖੇਤਰ ਦਾ ਮੁਆਇਨਾ ਕੀਤਾ। ਆਪ ਉਸ ਥਾਂ ਤੇ ਪੁੱਜੇ ਜਿਥੇ ਮਝੈਲ ਸਿੰਘਾਂ ਨੇ ਸਾਰੀ ਖ਼ਾਲਸਾਈ ਫ਼ੌਜ ਦੇ ਮੂਹਰੇ ਮੋਰਚੇ ਫ਼ਤਹ ਕੀਤੇ। ਉਹ ਸਾਰੇ ਹੀ ਫੱਟੜ ਹੋ ਕੇ ਅਖੀਰਲੇ ਸਾਹਾਂ ਤੇ ਸਨ ਜਾਂ ਚੜ੍ਹਾਈ ਕਰ ਚੁੱਕੇ ਸਨ। ਆਪ ਜਾਣ ਗਏ ਕਿ ਇਹ ਖਾਲਸਈ ਅਣਖ ਦੀ ਸਥਿਰਤਾ ਸਦਕਾ ਲਜਿਆਵਾਨ ਹੋ ਕੇ ਆ ਜੂਝੇ ਸਨ। ਆਪ ਨੇ ਇਕੱਲੇ ਇਕੱਲੇ ਦਾ ਮੂੰਹ ਪੂੰਝਿਆ, ਪਿਆਰ ਪ੍ਰਗਟਾਇਆ ਤੇ "ਮੇਰਾ ਪੰਜ ਹਜ਼ਾਰੀ, ਮੇਰਾ ਦਸ ਹਜ਼ਾਰੀ" ਹੋਣ ਦਾ ਵਰ ਦੇ ਕੇ ਗਦ ਗਦ ਹੋਏ। ਵਰ ਦਿੰਦੇ ਦਿੰਦੇ ਆਪ ਭਾਈ


www.AKJ.Org

ਮਹਾਂ ਸਿੰਘ ਜੀ ਪਾਸ ਪਹੁੰਚੇ। ਭਾਈ ਮਹਾਂ ਸਿੰਘ ਦਾ ਸੀਸ ਗੋਦ ਵਿਚ ਲਿਆ, ਮੂੰਹ ਪੂੰਝਿਆ। ਭਾਈ ਸਾਹਿਬ ਸਿਸਕਦੇ ਸਨ। ਅੱਖਾਂ ਖੋਲ੍ਹੀਆਂ ਤਾਂ ਆਪਣਾ ਸੀਸ ਸ਼ਰਬੰਸ-ਦਾਨੀ ਦੀ ਗੋਦ ਵਿਚ ਦੇਖ ਕੇ ਭਾਈ ਮਹਾਂ ਸਿੰਘ ਅਨੰਦਤ ਹੋ ਕੇ ਖਿੜ ਗਿਆ। ਸਤਿਗੁਰੂ ਪਿਆਰ ਵਿਚ ਬੋਲੇ, ਸਿੰਘਾ, ਕੁਝ ਮੰਗ ਲੈ। ਤਾਂ ਭਾਈ ਸਾਹਿਬ ਨੇ ਅਰਜ਼ ਗੁਜ਼ਾਰੀ, "ਸਚੇ ਪਾਤਸ਼ਾਹ ! ਆਪ ਧੰਨ ਹੋ! ਬੇਦਾਵੇ ਵਾਲਾ ਕਾਗ਼ਜ਼ ਪਾੜ ਦਿਉ ਅਤੇ ਟੁਟੀ ਗੰਢ ਲਵੋ।" ਪੰਥ ਦੇ ਵਾਲੀ ਨੇ ਕਮਰਕੱਸੇ ਵਿਚੋਂ ਉਹ ਕਾਗ਼ਜ਼ ਕੱਢਿਆ ਤੇ ਟੋਟੇ ਕਰ ਕੇ ਸੁੱਟ ਦਿੱਤਾ। ਅਤੇ ਫੁਰਮਾਇਆ, ਪੁਤਰ, ਮਹਾਂ ਸਿੰਘਾ ! ਤੂੰ ਸਿਖੀ ਦੀ ਲਾਜ ਰੱਖ ਲਈ, ਤੂੰ ਗੁਰੂ ਨਾਲੋਂ ਟੁਟੇ ਬਾਕੀ ਸਾਥੀਆਂ ਨੂੰ ਵੀ ਬਖਸ਼ਾ ਲਿਆ, ਧੰਨ ਸਿਖੀ, ਧੰਨ ਖ਼ਾਲਸਾ, ਟੁਟੀ ਗੰਢੀ ਖ਼ਾਲਸੇ ਨੇ। ਭਾਈ ਮਹਾਂ ਸਿੰਘ ਦੇ ਨੇਤਰਾਂ ਵਿਚੋਂ ਹੰਝੂ ਵਗੇ, ਸਾਹ ਸੌਖੇ ਨਿਕਲੇ ਤੇ ਸਚਖੰਡ ਵਿਚ ਜਾ ਡੇਰੇ ਲਾਏ। ਉਪਰੰਤ ਗੁਰੂ ਜੀ ਮਾਈ ਭਾਗੋ ਜੀ ਦੇ ਨੇੜੇ ਆਏ। ਉਸ ਨੂੰ ਸੁਰਤ ਵਿਚ ਲਿਆ ਕੇ ਟੁਟੀ ਗੰਢਣ ਦੀ ਗੱਲ ਦੱਸੀ। ਮਾਈ ਦੀਆਂ ਅੱਖਾਂ ਚਮਕੀਆਂ, ਲੂੰ ਲੂੰ ਖੁਸ਼ ਹੋ ਗਿਆ। ਆਪਣੀ ਘਾਲ ਥਾਇ ਪਈ, ਦੇਖੀ। ਮਾਈ ਨੂੰ ਨਾਮ ਦਾਨ ਬਖਸ਼ਿਆ ਤੇ ਹਜ਼ੂਰੀ ਵਿਚ ਰਹਿਣ ਦੀ ਆਗਿਆ ਦਿੱਤੀ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਤਿਗੁਰਾਂ ਨੇ ਅਨੰਦਪੁਰ ਛੱਡਿਆ। ਧਨ ਮਾਲ, ਕੀਮਤੀ ਗਰੰਥ, ਹਾਥੀ ਘੋੜੇ, ਸਭ ਕੁਝ ਲੇਖੇ ਲਗ ਗਿਆ। ਚਾਰ ਪੁਤਰ, ਮਾਤਾ ਤੇ ਸੈਂਕੜੇ ਸਿੰਘ ਸ਼ਹੀਦ ਹੋ ਗਏ ਪਰ ਸਤਿਗੁਰਾਂ ਨੇ ਬੇਦਾਵੇ ਵਾਲਾ ਕਾਗ਼ਜ਼ ਦਾ ਟੁਕੜਾ ਕਮਰਕਸੇ ਵਿਚ ਸੰਭਾਲ ਰੱਖਿਆ। ਇਹ ਕਿਉਂ ? ਕਿ ਸਿੰਘ ਅਤਿ ਦੀ ਤੰਗੀ ਕਾਰਨ ਡੋਲ ਗਏ ਹਨ, ਆਪਣੇ ਨਿਸ਼ਾਨੇ ਤੋਂ ਚੁੱਕ ਗਏ ਹਨ। ਭੁਲਿਆਂ ਨੂੰ ਹੋਸ਼ ਪਰਤੇਗੀ ਤਾਂ ਪਛਤਾਣਗੇ। ਉਹ ਸਿਖਾਂ ਦਾ "ਡੋਲ ਜਾਣਾ" ਤਾਂ ਸਮਝਦੇ ਸਨ, ਪਰ ਉੱਕਾ ਨਿਘਰ ਜਾਣਾ ਅਸੰਭਵ ਸੀ। ਗੁਰੂ ਜੀ ਨੂੰ ਅੰਮ੍ਰਿਤ ਦੀ ਸ਼ਕਤੀ ਤੇ ਪੂਰਾ ਭਰੋਸਾ ਸੀ। ਅੰਮ੍ਰਿਤਧਾਰੀ ਗੁਰੂ ਤੋਂ ਬੇਮੁਖ ਹੋ ਹੀ ਨਹੀਂ ਸਕਦਾ, ਉਹ ਮਰ ਤਾਂ ਜਾਵੇਗਾ ਪਰ ਗੁਰੂ ਨੂੰ ਪਿਠ ਨਹੀਂ ਦਿਖਾਵੇਗਾ। ਅੰਮ੍ਰਿਤ ਦੇ ਦਾਤੇ ਨੂੰ ਪੂਰਨ ਵਿਸ਼ਵਾਸ ਸੀ ਕਿ ਇਹ ਸਿੰਘ ਮੁੜ ਸ਼ਰਨ ਆਉਣਗੇ ਤੇ ਟੁਟੀ ਗੰਢਾਣਗੇ। ਸਤਿਗੁਰਾਂ ਨੇ ਆਪਣੇ ਬਿਰਦਪਾਲ ਹੋਣ ਦਾ ਸੰਦੇਸ਼ ਵੀ ਰੂਪਮਾਨ ਕੀਤਾ। ਇਹੋ ਸੰਦੇਸ਼ ਅਜ ਤੱਕ ਸਿੱਖ ਸੇਵਕ ਨੂੰ ਸਦੀਵੀ ਧਰਵਾਸ ਬਖਸ਼ਦਾ ਹੈ :

ਮੋਰ ਕਰੋ ਤ੍ਰਿਣ ਤੇ ਮੁਹਿ ਜਾਹਿ,
ਗਰੀਬ ਨਿਵਾਜ, ਨ ਦੂਸਰ ਤੋ ਸੋ।।
ਭੂਲ ਛਿਮੋ ਹਮਰੀ ਪ੍ਰਭ ਆਪਨ,
ਭੂਲਨਹਾਰ ਕਹੂੰ ਕੋਊ ਮੋ ਸੌ।।੯੨।।
(ਬਚਿਤ੍ਰ ਨਾਟਕ ਪਾ: ੧੦)

ਟੂਟੀ ਗਾਢਨਹਾਰ ਗੋਪਾਲ।।
ਸਰਬ ਜੀਆ ਆਪੇ ਪ੍ਰਤਿਪਾਲ।।੧।।੧੫।।(੨੮੨)

ਖਿਦਰਾਣੇ ਦੀ ਢਾਬ ਦਾ ਨਾਮ ਹੀ ਮੁਕਤਸਰ ਬਣਿਆ। ਪੰਜਾਬ ਸਰਕਾਰ ਨੇ ੧੯੭੩ ਵਿਚ ਜੋ ਲਾਠ ਬਣਾਈ, ਉਸ ਉੱਪਰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਅੰਕਿਤ ਹੈ :-

ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਣ ਮੈ ਤਬ ਜੂਝ ਮਰੋ।।੨੩੧।।
(ਚੰਡੀ ਚਰਿਤ੍ਰ)

ਇਹਨਾਂ ਚਾਲੀ ਸਿੰਘਾਂ ਦੇ ਸ਼ੁਭ ਨਾਮ ਇਸ ਪ੍ਰਕਾਰ ਹਨ :

੧. ਸਰਬ ਭਾਈ ਭਾਗ ਸਿੰਘ ਝਬਾਲੀਆ, ੨. ਮਹਾਂ ਸਿੰਘ ਘੈਰਪੁਰੀਆ, ੩. ਦਿਲਬਾਗ ਸਿੰਘ, ੪. ਘਰਬਾਰਾ ਸਿੰਘ, ੫. ਦਰਬਾਰਾ ਸਿੰਘ, ੬. ਗੰਗਾ ਸਿੰਘ, ੭. ਰਾਇ ਸਿੰਘ, ੮. ਕਰਮ ਸਿੰਘ, ੯. ਗੰਡਾ ਸਿੰਘ, ੧੦. ਕਿਰਪਾਲ ਸਿੰਘ, ੧੧. ਦਿਆਲ ਸਿੰਘ, ੧੨. ਨਿਹਾਲ ਸਿੰਘ, ੧੩. ਖੁਸ਼ਾਲ ਸਿੰਘ, ੧੪. ਸੁਹੇਲ ਸਿੰਘ, ੧੫. ਚੰਬਾ ਸਿੰਘ, ੧੬. ਸਮੀਰ ਸਿੰਘ, ੧੭. ਸਰਜਾ ਸਿੰਘ, ੧੮. ਹਰਸਾ ਸਿੰਘ, ੧੯. ਬੂੜ ਸਿੰਘ, ੨੦. ਸੁਲਤਾਨ ਸਿੰਘ, ੨੧. ਨਿਧਾਨ ਸਿੰਘ, ੨੨. ਸੋਭਾ ਸਿੰਘ, ੨੩. ਹਰੀ ਸਿੰਘ, ੨੪. ਕਰਨ ਸਿੰਘ, ੨੫. ਧਰਮ ਸਿੰਘ, ੨੬. ਕਾਲਾ ਸਿੰਘ, ੨੭. ਸੰਤ ਸਿੰਘ, ੨੮. ਕੀਰਤਿ ਸਿੰਘ, ੨੯. ਗੁਲਾਬ ਸਿੰਘ, ੩੦. ਜਾਦੋ ਸਿੰਘ, ੩੧. ਜੋਗਾ ਸਿੰਘ, ੩੨. ਭੰਗਾ ਸਿੰਘ, ੩੩. ਧੰਨਾ ਸਿੰਘ, ੩੪. ਭੋਲਾ ਸਿੰਘ, ੩੫. ਮੱਜਾ ਸਿੰਘ, ੩੬. ਮਾਨ ਸਿੰਘ, ੩੭. ਲਛਮਣ ਸਿੰਘ, ੩੮. ਸਾਧੂ ਸਿੰਘ, ੩੯. ਮੈਯਾ ਸਿੰਘ, ੪੦. ਜੰਗ ਸਿੰਘ।

(ਮਿਤੀ ਸ਼ਹੀਦੀ ੩੦ ਪੋਹ ਸੰਮਤ ੧੭੬੨ ਮੁਤਾਬਿਕ ੨੯ ਦਸੰਬਰ, ੧੭੦੫)

ਨੋਟ:- ਵਿਦਵਾਨ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਲੇਖਾਂ ਵਿਚਲੇ ਗੁਰਬਾਣੀ ਪ੍ਰਮਾਣ ਸੋਧ ਕੇ ਅਤੇ ਪੂਰੀ ਤਸਦੀਕ ਕਰਕੇ ਹੀ ਲਿਖਿਆ ਕਰਨ!


www.AKJ.Org

# ਕਥਾ ਅਜੀਤ ਜੁਝਾਰ ਦੀ

(ਡਾ: ਕੁਲਦੀਪ ਕੌਰ )

ਆਓ ਵੀਰ ਪਿਆਰਿਓ ! ਮੈ ਆਖ ਸੁਣਾਵਾਂ।
ਕਥਾ ਅਜੀਤ ਜੁਝਾਰ ਦੀ ਅੱਜ ਮੁੜ ਦੁਹਰਾਵਾਂ।
ਪੋਹ ਮਹੀਨਾ ਠੰਢ ਦਾ ਸੀ ਅਤਿ ਦਾ ਪਾਲਾ।
ਅਨੰਦ ਪੁਰ ਤੋਂ ਨਿਕਲਿਆ ਸੀ ਬਾਜਾਂ ਵਾਲਾ।
ਅਗੋਂ ਸਰਸਾ ਜ਼ੋਰ ਵਿਚ ਪਈ ਠਾਠਾਂ ਮਾਰੇ।
ਚਰਨ ਗੁਰੂ ਦੇ ਛੋਹਣ ਲਈ ਆਈ ਭੰਨ ਕਿਨਾਰੇ।
ਉੱਧਰ ਹਿੰਦ ਦੇ ਹਾਕਮਾਂ ਇਕਰਾਰ ਭੁਲਾਏ।
ਫੌਜਾਂ ਭੇਜ ਕਰਾਰੀਆਂ ਸਨ ਵਾਰ ਕਰਾਏ।
ਐਪਰ ਸਿੰਘਾਂ ਸੂਰਮਿਆਂ ਵੀ ਤੇਗਾਂ ਵਿਛਾਈਆਂ।
ਰਾਕਸ਼ ਜੇਹੇ ਜੋਧਿਆਂ ਦੀਆਂ ਸਫਾਂ ਵਿਛਾਈਆਂ।
ਸੱਵਾ ਲੱਖ ਨਾਲ ਇੱਕ ਇੱਕ ਕੀ ਮੱਥਾ ਲਾਉਣਾ।
ਮੁਗ਼ਲ ਫ਼ੌਜ ਨੂੰ ਵੇਖ ਕੇ ਨਾ ਸੀ ਘਬਰਾਉਂਦਾ।
ਇੱਦਾਂ ਲੜਦਿਆਂ ਭਿੜਦਿਆਂ ਚਮਕੌਰ 'ਚ ਆਏ।
ਕੱਚੀ ਗੜ੍ਹੀ ਵਿੱਚ ਆਣ ਕੇ ਗੁਰ ਡੇਰੇ ਲਾਏ।
ਜ਼ਾਲਮ ਫ਼ੌਜਾਂ ਇੱਥੇ ਵੀ ਆ ਘੇਰਾ ਪਾਇਆ।
ਸਿੱਖਾਂ ਸਣੇ ਉਹ ਗੁਰੂ ਨੂੰ ਚਾਹੁੰਣ ਪਾਰ ਬੁਲਾਇਆ।
ਕੱਚੀ ਗੜ੍ਹੀ ਵਿੱਚ ਘਿਰ ਗਏ ਗੁਰ ਗੋਬਿੰਦ ਪਿਆਰੇ।
ਮੁੱਠੀ ਭਰ ਸਿੰਘ ਨਾਲ ਸਨ ਨਾਲ ਲਾਲ ਦੁਲਾਰੇ।
ਜੱਥੇ ਪੰਜ ਪੰਜ ਸਿੰਘਾਂ ਦੇ ਸੀ ਬਾਹਰ ਆਂਦੇ।
ਰਣ ਵਿੱਚ ਆ ਕੇ ਆਪਣੀ ਸ਼ਮਸ਼ੀਰ ਚਲਾਂਦੇ।
ਜ਼ਾਲਮ ਵੈਰੀ ਕਲਾਂ ਦੇ ਉਹ ਸੱਥਰ ਲਾਹੁੰਦੇ।
ਤੇਗ਼ ਦੇ ਜੌਹਰ ਵਿਖਾਦਿਆਂ ਗੁਰ ਪੁਰੀ ਸਿਧਾਂਦੇ।
ਇਕ ਜੱਥਾ ਲੈ ਨਿਕਲੇ ਅਜੀਤ ਪਿਆਰੇ।
ਜੋਸ਼ ਉਨ੍ਹਾਂ ਦੇ ਅੰਦਰੋ ਪਿਆ ਠਾਠਾਂ ਮਾਰੇ।
ਇਕ ਹੋਰ ਜੱਥੇ ਦੀ ਵਾਗ ਸੀ ਜੁਝਾਰ ਸੰਭਾਲੀ।
ਮੁੱਖੜੇ ਉਸਦੇ ਚਮਕਦੀ ਸੀ ਗਿੱਠ ਗਿੱਠ ਲਾਲੀ।
ਵਾਰੀ ਆਪੋ ਆਪਣੀ ਉਹ ਰਣ ਵਿਚ ਆਏ।
ਰੋਹ ਵਿਚ ਆ ਕੇ ਉਨ੍ਹਾਂ ਨੇ ਜੈਕਾਰੇ ਇੰਜ ਗਜਾਏ
ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।
ਪਾ ਸ਼ਕਤੀ ਅਕਾਲ ਤੋਂ ਫਿਰ ਇੰਜ ਲਲਕਾਰੇ।
ਕਲਗੀਧਰ ਦੇ ਲਾਡਲੇ ਰੋਹ ਨਾਲ ਪੁਕਾਰੇ।
ਆ ਜਾਓ ਲਹੂ ਪਿਆਸਿਓ ! ਆਓ ਛੇਤੀ ਆਓ।
ਆ ਜਾਓ ਅਪਨੇ ਜ਼ੋਰ ਦਾ ਤੁਸੀਂ ਜੌਹਰ ਦਿਖਾਓ।
ਗੋਬਿੰਦ ਸਿੰਘ ਦੇ ਲਾਲ ਹਾਂ ਖੰਡੇ 'ਚੋਂ ਜਾਏ।
ਅੰਮ੍ਰਿਤ ਦੇ ਕੇ ਅਸਾਂ ਨੂੰ ਉਸ ਅਮਰ ਕਰਾਏ।
ਅਸੀਂ ਲੁੱਕ ਨਾ ਲੜਨਾ ਜਾਣਦੇ ਖੰਡਾ ਖੜਕਾਈਏ।
ਤੇਗ਼ ਮਿਆਨ 'ਚੋਂ ਕੱਢ ਕੇ ਅਸੀਂ ਰਣ ਵਿੱਚ ਆਈਏ।
ਬਸ ਫਿਰ ਦੇਵੋਂ ਸੂਰਮੇ ਸੀ ਰੋਹ ਵਿਚ ਆਂਦੇ।
ਨਾਲ ਆਪਣੇ ਸਾਥੀਆਂ ਰਣ ਵਿਚ ਮੰਡਲਾਂਦੇ।
ਖੜ ਖੜ ਖੰਡਾ ਖੜਕਦਾ ਉਹਨਾਂ ਦਾ ਭਾਰੀ।
ਪੰਥ ਧਰਮ ਦੀ ਆਨ ਨੂੰ ਉਹ ਰਹੇ ਬਚਾਂਦੇ।
ਵਾਰ ਵੈਰੀ ਦੇ ਝੱਲ ਕੇ ਫਿਰ ਵਾਰ ਕਰਾਂਦੇ।
ਏਦਾ ਖੰਡਾ ਵਾਹੁੰਦਿਆਂ ਗੁਰ ਪੁਰੀ ਸਿਧਾਏ।
ਸੰਸਾਰ ਉਨ੍ਹਾਂ ਦੀ ਬੀਰਤਾ ਦੇ ਸੋਹਿਲੇ ਗਾਏ।
ਤੇਗ਼ ਉਨ੍ਹਾਂ ਦੀ ਅੱਜ ਵੀ ਮਾਰੇ ਲਿਸ਼ਕਾਰੇ।
ਸੁੱਤੀ ਸਾਡੀ ਅਣਖ ਨੂੰ ਪਈ ਫੇਰ ਵੰਗਾਰੇ।
ਆਓ ਮਰਨਾ ਸਿੱਖੀਏ ਅਸੀਂ ਅਣਖ ਦੀ ਖ਼ਾਤਰ।
ਬਣੀਏ ਦਸਵੇਂ ਪਿਤਾ ਦੇ ਅਸੀਂ ਪਿਆਰ ਦੇ ਪਾਤਰ।

(ਪੰਨਾ ੧੮ ਦਾ ਬਾਕੀ ...)

ਮੁਤਾਸਰ ਹੋਇ ਬਿਨਾਂ ਨਾ ਰਹਿੰਦਾ, ਉਹ ਖੁਦ ਬ੍ਰਹਮ ਗਿਆਨੀ ਬਣ ਜਾਣਾ ਇੱਕ ਸਾਧਾਰਨ ਜਿਹੀ ਗੱਲ ਸੀ। ਅਨਾਇਤਾਂ ਦੇ ਭੰਡਾਰ ਗੁਰਦੇਵ ਪਿਤਾ ਨੇ ਸਿਰਜਨਹਾਰ ਪ੍ਰਭੂ ਦੀਆਂ ਸਿਫਤਾਂ ਕਰਦਿਆਂ ਇਹ ਗੱਲ ਵੀ ਸਿੱਧ ਕਰ ਦਿੱਤੀ ਕਿ ਉਹਨਾਂ ਦਾ ਆਪਣਾ ਆਪਾ *"ਨਮਸਤੰ ਅਕਾਲੇ ਨਮਸਤੰ ਕ੍ਰਿਪਾਲੇ"* ਨੂੰ ਹੀ ਸਮਰਪਤ ਹੈ। ਪ੍ਰਭੂ ਭਗਤੀ ਵੀ ਉਹਨਾਂ ਦੀ ਅਨੁਪਮ ਸੀ। ਮਾਣ ਵਡਿਆਈਆਂ ਨੇ ਜਿੱਥੇ ਵੱਡੇ ਵੱਡੇ ਘੈਂਟ ਔਲੀਆਂ ਦੇ ਸਿਰ ਫੇਰ ਦਿੱਤੇ ਪਰ ਦਸਮੇਸ਼ ਪਿਤਾ ਵੱਲ ਇਹ ਵਡਿਆਈਆਂ ਪਸਤ ਹੀ ਰਹੀਆਂ। ਬੜੇ ਮਾਣ ਵਾਲੀ ਦਾਸਤਾਨ ਇਹ ਕੀਤੀ ਕਿ ਆਪਣੇ ਜਿਗਰ ਦੇ ਖ਼ੂਬਸੂਰਤ ਟੁਕੜਿਆਂ ਨੂੰ ਗੁਆ ਲੈਣ ਤੋਂ ਬਾਅਦ ਵੀ ਗੁਰੂ ਪੰਥ ਵਿੱਚ ਸ਼ਾਮਲ ਗੁਰਸਿੱਖਾਂ ਨੂੰ ਸੱਚੀ ਸਪਿਰਟ ਵਿੱਚ ਅਪਣਾਇਆ ਤੇ ਕਿਹਾ *"ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ"* ਹੈ ਨਾ ਗਰੀਬ ਪਿਤਾ ਜੀ ਦੀ ਸਿਖਰਲੀ ਮਿਸਾਲ। ਬਹੁਤ ਸਾਰੇ ਗੁਰੂ ਪੀਰ ਤੇ ਸ਼ੇਖ ਤਾਂ ਹੋਏ ਹਨ ਦਸਮੇਸ਼ ਪਿਤਾ ਦੀ ਵਡਿਆਈ ਦੇ ਤੁੱਲ ਇਕ ਵੀ ਵਿਅਕਤੀ ਨਹੀਂ ਦਿਸਦਾ। ਸੱਚਾ ਤੇ ਸੁੱਚਾ ਆਧਾਰ ਤੇ ਬੇਲਾਗ ਆਪਾ ਸਿਖਰਲੇ ਦਰਜੇ ਦਾ ਸੀ

ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਯੋ
ਕੂਰ ਕਿਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦ ਨ ਪਾਯੋ।।

ਆਪ ਦਾ ਨਿਭਾਇਆ ਹੋਇਆ ਕਿਰਦਾਰ ਅਲੌਕਿਕ ਸੀ ਤੇ ਲਾਸਾਨੀ ਸੀ। ਹਲੀਮੀ ਅਜਿਹੀ ਕਿਸੇ ਵੰਨੇ ਵੀ ਨਹੀਂ

*'ਨਹੀ ਮੋਸੋ ਗਰੀਬ ਕਰੋਰ ਪਰੇ'*


www.AKJ.Org

# ਕੇਸਾਧਾਰੀ ਕੌਮ ਦੇ ਵਾਰਸੋ!

(ਮਹਿੰਦਰ ਸਿੰਘ ਚਚਰਾੜੀ)

'ਕੇਸ' ਲਫਜ਼ ਸੰਸਕ੍ਰਿਤ ਭਾਸ਼ਾ ਨਾਲ ਸੰਬਧਤ ਹੈ, ਜਿਸਦਾ ਅੱਖਰੀ ਅਰਥ ਸਰੀਰਕ ਅੰਗਾਂ ਦੀ ਹਿਫ਼ਾਜਤ ਕਰਨ ਵਾਲਾ ਬਿਆਨਿਆਂ ਜਾਂਦਾ ਹੈ। ਮੱਨੁਖ ਦੇ ਸਿਰ ਦੇ ਵਾਲਾਂ ਨੂੰ ਵੀ ਕੇਸ ਆਖਿਆ ਜਾਂਦਾ ਹੈ, ਜਦ ਕਿ ਇਹਨਾ ਦਾ ਸਬੰਧ ਬਾਕੀ ਮੱਨੁਖੀ ਸਰੀਰ ਨਾਲ ਵੀ ਹੈ। ਕੇਸ ਹਰ ਮੱਨੁਖੀ ਸਰੀਰ ਦੇ ਬਿਨਾਂ ਕਿਸੇ ਜ਼ਾਤਪਾਤੀ, ਧਾਰਮਕ , ਸਮਾਜਕ , ਭੂਗੋਲਿਕ ਅਤੇ ਸਭਿਆਚਾਰਕ ਵਿਤਕਰੇ ਦੇ ਕੁਦਰਤੀ ਤੋਰ ਤੇ ਪੈਦਾ ਹੁੰਦੇ ਹਨ। ਕੇਸਾਂ ਦੀ ਕੁਦਰਤੀ , ਵਿਗਿਆਨਕ , ਮਨੋਵਿਗਿਆਨਕ, ਧਾਰਮਕ , ਅਧਿਆਤਮਕ ਅਤੇ ਇਤਿਹਾਸਕ ਪੱਖੋਂ ਕਾਫ਼ੀ ਮਹੱਤਤਾ ਮੰਨੀ ਜਾਂਦੀ ਰਹੀ ਹੈ।

ਸਭ ਤੋਂ ਪੁਰਾਣੇ ਹਿੰਦੂ ਧਰਮ ਗ੍ਰੰਥਾਂ ਵਿਚ ਕੇਸ਼ਾ ਦੀ ਹਿਫਾਜ਼ਤ ਅਤੇ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਸੰਬਧੀ ' ਰਿਗਵੇਦ' ਵਿਚ ਦਰਜ਼ ਹੈ ਕਿ :-"ਦਿਵੋ ਵਰਹਮਰੂੰਸ਼ ਕਪਰ ਦਿੰਨ ਤ੍ਰੇਸ਼ੰ ਰੂਪੰ ਨਮਸ਼ਾ ਨਿਵੱਯਾ ਮਹੇ।" (704) ਇਸ ਮੰਤਰ ਵਿੱਚ ਰਿਸ਼ੀ ਕੁਤੱਸ਼ ਜੀ ਆਖਦੇ ਹਨ ਕਿ " *ਐ ਪਵਿੱਤਰ ਕੇਸਾ ਵਾਲੇ ਸ਼ਿਵ ਜੀ ਮਹਾਰਾਜ ! ਅਸੀ ਆਪ ਨੂੰ ਸਦਾ ਨਮਸਕਾਰ ਕਰਦੇ ਹਾਂ* ਤੁਸੀਂ ਦੇਵ ਲੋਕ ਦੇ ਵਾਸੀ ਬਹੁਤ ਹੀ ਸੁੰਦਰ ਅਤੇ ਤੇਜ ਪ੍ਰਤਾਪ ਵਾਲੇ ਹੋ। ' ਇਸੇ ਤਰ੍ਹਾਂ 'ਯਜੁਰਵੇਦ ' ਦੇ ਪੰਨਾ 819 ਤੇ ਦਰਜ ਹੈ :-"*ਨਮ : ਕਪਰ ਦਿਨੇ।*"ਇਸ ਵਿਚ ਰਿਸ਼ੀ ਕੁ ਤੱਸ਼ ਜੀ ਆਖਦੇ ਹਨ ਕਿ " *ਮੈਂ ਕੇਸਾਂ ਵਾਲੇ ਵਿਸ਼ਨੂੰ ਭਗਵਾਨ ਨੂੰ ਨਮਸਕਾਰ ਕਰਦਾ ਹਾਂ* "ਅਜਿਹੇ ਹੀ ਮੰਤਰ ਹੋਰਨਾਂ ਵੇਦਾਂ ਤੇ ਪੁਰਾਣਾਂ ਵਿਚ ਆਮ ਹੀ ਮਿਲਦੇ ਹਨ।

ਮੁਸਲਮਾਨੀ ਮੱਤ ਵਿਚ ਕੇਸਾਂ ਨੂੰ ਮਨੁੱਖੀ ਸਰੀਰ ਦਾ ਇਕ ਜ਼ਰੂਰੀ ਹਿੱਸਾ ਕਰਾਰ ਦਿਤਾ ਗਿਆ ਹੈ -"ਵਰਮਤਿ ਮੁਲ ਹੰਜਾਵਲ ਓਮਰਤਾ ਲਿਲਾਹ ਫੁਇਨ ਓਹ ਸਿਰ ਤੁਮ ਫ਼ਮਸ਼ ਮਿਲਣ ਹਦਾਯੋ ਵਲਾ ਤਾਹਲੋ ਕੂ ਰਉਸਾ ਕੁਮ।" (ਕੁਰਾਨ ਸ਼ਰੀਫ) ਇਸ ਆਇਤ ਵਿਚ ਮੁਸਲਮਾਨਾਂ ਨੂੰ ਕੇਸ ਨਾ ਕਟਾਉਣ ਦਾ ਵਾਸਤਾ ਪਾਇਆ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਕੇਸਾਂ ਦੀ ਮੁਸਲਮਾਨ ਅੱਜ ਵੀ ਰਾਖੀ ਕਰਦੇ ਹਨ, ਪਰ ਆਪਣੀਆਂ ਆਪਹੁਦਰੀਆਂ ਹਰਕਤਾਂ ਕਰਕੇ ਕੇਸਾਂ ਦੀ ਅਮਲੀ ਪਾਲਣਾ ਤੋਂ ਕੋਰੇ ਹਨ।

ਈਸਾਈ ਮੱਤ ਦੀ ਧਾਰਮਕ ਪੁਸਤਕ 'ਬਾਈਬਲ ਵਿਚ ਕੇਸਾਂ ਦੀ ਮਹੱਤਤਾ ਦਰਸਾਉਂਦਾ 'ਸਿੰਪਸਨ ਤੇ ਦਲਾਇਲਾ' ਦਾ ਕਿੱਸਾ ਅੰਕਿਤ ਹੈ। ਸਿੰਪਸਨ ਦੀ ਸਰੀਰਕ ਤਾਕਤ ਨੂੰ ਭਾਂਪਦਿਆਂ ਉਸਦੇ ਵਿਰੋਧੀਆਂ ਨੇ ਉਸਦੀ ਪ੍ਰੇਮਿਕਾ 'ਦਲਾਇਲਾ' ਨਾਲ ਗੰਢਤਰੁਪ ਕਰਕੇ ਉਸਨੂੰ ਹਰਾਉਣਾ ਚਾਹਿਆ। 'ਦਲਾਇਲਾ' ਨੇ ਸੁੱਤੇ ਪਏ ਸਿੰਪਸਨ ਦੇ ਸਿਰ ਦੇ 'ਕੇਸ' ਵਿਰੋਧੀਆਂ ਵਲੋਂ ਦਿਤੀ ਰਕਮ ਦੇ ਲਾਲਚ ਵਿਚ ਕੱਟ ਦਿਤੇ ਕਿਉਂਕਿ ਸਿੰਪਸਨ ਦੇ ਨਾ ਹਾਰਨ ਦੀ ਵਜਹ ਉਸਦੇ ਕੇਸਾਂ ਦੀ ਤਾਕਤ ਸੀ।

ਇਸੇ ਤਰ੍ਹਾਂ ਸੰਸਾਰ ਦੀਆਂ ਹੋਰਨਾਂ ਵਿਚਾਰਧਾਰਾਵਾਂ ਅਤੇ ਮੱਤਾ-ਮਤਾਂਤਰਾਂ ਨੇ ਵੀ ਕੇਸਾਂ ਦੀ ਸੰਭਾਲ ਪ੍ਰਤੀ ਚੇਤੰਨਤਾ ਪਾਲਣ ਦਾ ਇਜ਼ਹਾਰ ਕੀਤਾ ਹੈ। ਜੈਨੀਆਂ, ਬੋਧੀਆਂ ਅਤੇ ਕਈ ਹੋਰਨਾਂ ਵਿਚਾਰਧਾਰਕ ਆਗੂਆਂ ਨੇ ਵੀ ਕੇਸਾਂ ਨੂੰ ਸੰਭਾਲਿਆ ਤੇ ਸਤਿਕਾਰਿਆ ਹੈ। ਆਧੁਨਿਕ ਸਮੇਂ ਦੇ ਸਰਬੋਤਮ 'ਸਿੱਖ ਧਰਮ ਦੇ ਅਸੂਲਾਂ ਵਿਚ ਕੇਸਾਂ ਦੀ ਮਹੱਤਤਾ ਦਾ ਅਹਿਸਾਸ ਹਰ ਸੂਝਵਾਨ ਨੂੰ ਹੈ। ਉਂਹਨਾਂ ਦਾ ਇਕ ਹੁਕਮਨਾਮਾ 'ਸਿੱਖ ਰੈਫਰੈਂਸ ਲਾਇਬਰੇਰੀ' ਵਿਚ ਮੌਜੂਦ ਹੈ, ਜਿਸ ਵਿਚ ਸਿੱਖਾਂ ਨੂੰ ਕੇਸਾਂ ਪ੍ਰਤੀ ਵਫਾਦਾਰ ਰਹਿਣ ਲਈ ਪ੍ਰੇਰਿਆ ਗਿਆ ਹੈ।

*ੴ ਸਤਿਗੁਰ ਜੀ ਸਹਾਇ।।*

*"ਸਰਬੱਤ ਸੰਗਤ ਕਾਬਲ ਗੁਰੂ ਰਖੇਗਾ। ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ, ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਕੇਸ ਰਖਣੇ, ਇਹ ਅਸਾਡੀ ਮੋਹਰ ਹੈ। ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ। ਸਰਬਲੋਹ ਦਾ ਕੜਾ ਹੱਥ ਰਖਣਾ। ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ। ਸਰਬੱਤ ਸੰਗਤ ਅਭਾਖਿਆ ਕਾ ਕੁੱਠਾ ਖਾਵੇ ਨਾਹੀ। ਤਮਾਕੂ ਨਾ ਵਰਤਣਾ। ਭਾਦਨੀ (ਕੇਸ ਮੁਨਾਉਣ ਵਾਲੇ) ਤਥਾ ਕੰਨਿਆ ਕਾਰਨ ਵਾਲੇ ਸੇ ਮਿਲਾਪ ਨਾ ਰਖੇ। ਮੀਣੇ, ਮਸੰਦੀਏ ਰਾਮਰਾਈਏ ਦੀ ਸੰਗਤ ਨਾ ਬੈਸੇ। ਗੁਰਬਾਣੀ ਪੜ੍ਹਨੀ ਵਾਹਿਗੁਰੂ ਵਾਹਿਗੁਰੂ ਜਪਣਾ। ਗੁਰੂ ਕੀ ਰਹਿਤ ਰਖਣੀ। ਸਰਬਤ ਸੰਗਤਿ ਉਪਰ ਮੇਰੀ ਖੁਸ਼ੀ।"*

(ਪਾ: ੧੦, ਜੇਠ ੨੬, ਸੰਮਤ ੧੭੫੬)

ਕੇਸਾਂ ਦੇ ਸਤਿਕਾਰ ਪ੍ਰਤੀ ਸਿੱਖ ਰਹਿਤਨਾਮਿਆਂ ਦੀ ਭਾਵਨਾ ਇਸ ਤਰ੍ਹਾਂ ਹੈ-

1. ਗੁਰੂ ਕਾ ਸਿਖ ਭਦਣ ਨਾ ਕਰਾਵੈ।।-(ਭਾਈ ਚੌਪਾ ਸਿੰਘ)
2. ਕੇਸਨ ਕੀ ਕੀਜੈ ਪ੍ਰਿਤਪਾਲ।।
ਉਸਤਰਨ ਸੇ ਨਾ ਕਟਿਉ ਬਾਲ।।(ਰਤਨ ਸਿੰਘ ਭੰਗੂ)
3. ਨਾਈ ਕਾ ਹਥ ਸੀਸ ਚਿਹਰੇ ਨਾ ਲਗਾਣਾ ਪਾਵੇ।।
ਕੇਸਾਧਾਰੀ ਗੁਰੂ ਕਾ ਪੰਥ ਕਹਾਵੇ।। (ਭਾਈ ਕੇਸਰ ਸਿੰਘ)
4. ਬਿਨਾਂ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।।(ਭਾਈ ਦੇਸਾ ਸਿੰਘ)


www.AKJ.Org

5. ਇਹੋ ਮੋਰ ਆਗਿਆ ਸੁਨੋ ਹੇ ਪਿਆਰੇ।।
ਬਿਨਾਂ ਤੇਗ ਕੇਸੰ ਦਿਵੇ ਨਾ ਦੀਦਾਰੇ।।
(ਭਾਈ ਸੁੱਖਾ ਸਿੰਘ ਕ੍ਰਿਤ ਗੁਰ ਬਿਲਾਸ ਪਾ: ੧੦)

ਇਸੇ ਤਰ੍ਹਾਂ ਹੋਰ ਵੀ ਸਿੱਖ ਰਹਿਤਨਾਮਿਆਂ 'ਚੋਂ ਹਵਾਲੇ ਦੇ ਕੇ ਸਾਬਤ ਕੀਤਾ ਜਾ ਸਕਦਾ ਹੈ ਕਿ ਕੇਸ ਸਿੱਖ ਦੇ ਜੀਵਨ ਦਾ ਅਨਿੱਖੜਵਾਂ ਅੰਗ ਹਨ ਅਤੇ ਇਹਨਾਂ ਦੀ ਖ਼ਾਤਰ ਉਹ ਹਰ ਕੁਰਬਾਨੀ ਕਰਨ ਲਈ ਤਤਪਰ ਰਿਹਾ ਹੈ ਅਤੇ ਰਹੇਗਾ।

ਕੁਦਰਤੀ ਨਿਯਮਾਂ ਮੁਤਾਬਕ ਰੋਮਾਂ ਰਾਹੀਂ ਗੰਦਾ ਮਾਦਾ ਸਰੀਰ 'ਚੋਂ ਖਾਰਜ (Exhaust) ਹੁੰਦਾ ਹੈ। ਸਰੀਰਕ ਮੈਲ-ਪਸੀਨਾ ਆਦਿਕ ਰੋਮਾਂ ਦੁਆਲੇ ਛੇਕਾਂ ਰਾਹੀਂ ਖਾਰਜ ਹੁੰਦੇ ਹਨ। ਅੱਖਾਂ ਦੇ ਭਰਵੱਟਿਆਂ ਤੇ ਝਿੰਮਣੀਆਂ ਮਿੱਟੀ,ਧੂੜ ਗਰਦੇ ਆਦਿਕ ਤੋਂ ਅੱਖਾਂ ਦੀ ਹਿਫਾਜ਼ਤ ਕਰਦੇ ਹਨ। ਇਸੇ ਤਰ੍ਹਾਂ ਨੱਕ ਅਤੇ ਕੰਨਾਂ ਅੰਦਰਲੇ ਰੋਮ ਕਾਰਜ ਕਰਦੇ ਹਨ।

ਵਿਗਿਆਨਕ ਪੱਖੋਂ ਵੀ ਕੇਸ ਰੱਖਣ ਦੇ ਅਨੇਕਾਂ ਫਾਇਦੇ ਹਨ ਕਿਉਂਕਿ ਕੇਸ ਸਰੀਰ ਦਾ ਅਨਿੱਖੜਵਾਂ ਅੰਗ ਹਨ। ਆਮ ਮਨੁੱਖ ਦੇ ਸਿਰ ਤੇ 85,000 ਤੋਂ ਲੈ ਕੇ 1,25,000 ਤੱਕ ਕੇਸ ਹੁੰਦੇ ਹਨ। ਖੋਜੀਆਂ ਦੀ ਖੋਜ ਮੁਤਾਬਕ ਬਾਰ-ਬਾਰ ਕੇਸ ਕੱਟਣ ਨਾਲ ਸਰੀਰ ਵਿਚ ਪ੍ਰੋਟੀਨ ਧਾਤ ਦੀ ਜ਼ਬਰਦਸਤ ਕਮੀ ਹੋ ਜਾਂਦੀ ਹੈ। ਪ੍ਰੋਟੀਨ ਰੋਜ਼ਾਨਾ ਖੁਰਾਕ 'ਚ ਜ਼ਰੂਰੀ ਤੱਤ ਮੰਨਿਆਂ ਗਿਆ ਹੈ। ਅਮਰੀਕੀ ਵਿਗਿਆਨੀਆਂ ਨੇ ਇਹ ਸਿੱਕੇਬੰਦ ਸਥਾਪਤੀ ਕੀਤੀ ਹੈ ਕਿ ਜਿਸ ਮਨੁੱਖ ਦੇ ਸਰੀਰ ਤੇ ਜ਼ਿਆਦਾ ਰੋਮ ਹੋਣਗੇ, ਉਹ ਵਧੇਰੇ ਸਿਹਤਮੰਦ ਰਹਿ ਸਕਦਾ ਹੈ। ਸੰਘਣੇ ਅਤੇ ਲੰਬੇ ਕੇਸਾਂ ਵਾਲਿਆਂ ਵਿਚ ਵਿਟਾਮਨ 'ਡੀ' ਦੀ ਕਮੀ ਨਹੀਂ ਹੁੰਦੀ। ਕੇਸ ਅੱਤ ਦੀ ਗਰਮੀ ਤੇ ਅੱਤ ਦੀ ਸਰਦੀ ਤੋਂ ਬਚਾਅ ਦਾ ਵੀ ਸਾਧਨ ਹਨ। ਕੇਸ ਕੱਟਣ ਨਾਲ ਜਿਸਤ, ਕਰੋਮੀਅਮ, ਸਿੱਕਾ, ਸੈਲੀਨੀਅਨ ਵਰਗੀਆਂ ਜ਼ਰੂਰੀ ਧਾਤਾਂ ਦੀ ਕਮੀ ਹੋ ਜਾਂਦੀ ਹੈ।

ਅਮਰੀਕੀ ਮਨੋਵਿਗਿਆਨੀ ਮੈਲਗਰੀਨੀ ਤੇ ਹੋਰਨਾਂ ਚਿੰਤਕਾਂ ਦੀ ਖੋਜ ਦਾ ਸਿੱਟਾ ਇਹ ਦੱਸਦਾ ਹੈ ਕਿ ਕੇਸ-ਦਾੜ੍ਹੀ ਰੋਅਬਦਾਰ ਸ਼ਖ਼ਸੀਅਤ ਦੇ ਜ਼ਾਮਨ ਹਨ। ਇਸੇ ਕਰਕੇ ਸੰਸਾਰ ਪ੍ਰਸਿੱਧ ਵਿਦਵਾਨ, ਲੇਖਕ, ਖੋਜੀ, ਚਿੰਤਕ, ਵਿਗਿਆਨਕ ਸਾਹਿਤਕਾਰ ਤੇ ਆਗੂ ਕੇਸ-ਦਾਹੜੀਆਂ ਵਾਲੇ ਹੀ ਹੁੰਦੇ ਹਨ। ਜਿਵੇਂ ਆਰਕੀਮਡੀਜ਼, ਜੂਲੀਅਸ ਸੀਜਰ, ਕੋਲੰਬਸ, ਇਬਰਾਹੀਮ ਲਿੰਕਨ, ਸੁਕਰਾਤ ਫਰੈਂਕਲਿਨ, ਨਿਪੋਲੀਅਨ, ਸ਼ੈਕਸਪੀਅਰ, ਲੂਥਰ ਲੂਈਪੈਸਚਰ, ਕਾਰਲ ਮਾਰਕਸ, ਵਾਲਟੇਅਰ, ਕੋਰਮਵਿਲ, ਐਡੀਸਨ ਤੇ ਹੋਰ ਕਈ। ਅਮਰੀਕੀ, ਮਨੋਵਿਗਿਆਨੀ ਪ੍ਰੋ: ਰਾਬਰਟ ਪੈਲਗ੍ਰਿਨੀ ਮੁਤਾਬਕ ਜਿੰਨਾਂ ਕੋਈ ਸਾਬਤ ਸੂਰਤ ਰਹੇਗਾ, ਉਨਾ ਹੀ ਮਰਦ, ਦਰਸ਼ਨੀ ਆਤਮਵਿਸ਼ਵਾਸੀ ਦਲੇਰ, ਉਦਾਰ, ਅਡੋਲ ਅਤੇ ਮਿਹਨਤੀ ਹੋਵੇਗਾ। ਇਸੇ ਤਰ੍ਹਾਂ ਪ੍ਰੋ: ਟਾਇਨਬੀ ਨੇ ਕਾਣਸਾ ਯੂਨੀਵਰਸਿਟੀ ਦੇ ਵਿਦਿਆਰਥੀ ਦੇ ਸੁਆਲ ਦੇ ਜੁਆਬ 'ਚ ਆਖਿਆ ਸੀ ਕਿ ਸਭ ਤੋਂ ਖ਼ੂਬਸੂਰਤ ਉਹ ਹੈ, ਜੋ 'ਸਾਬਤ ਸੂਰਤ' ਹੈ ਅਤੇ ਬਦਸੂਰਤ 'ਦਾਹੜੀ ਕੱਟਾ'।

ਅਧਿਆਤਮਕ ਪੱਖੋਂ ਵੀ ਕੇਸਾਂ ਦੀ ਕਾਫ਼ੀ ਮਹੱਤਤਾ ਹੈ। ਮੁੱਢ ਕਦੀਮ ਤੋਂ ਲੈ ਕੇ ਅੱਜ ਤਕ ਸੰਸਾਰ ਦੇ ਸਾਰੇ ਅਧਿਆਤਮਕ ਆਗੂ ਕੇਸਾਂ ਵਾਲੇ ਹੀ ਹੋਏ ਹਨ। ਕੇਸ ਇਨਸਾਨੀ ਦਿਮਾਗ਼ ਦੀਆਂ ਬਰੀਕ ਤਾਰਾਂ ਹਨ, ਜੋ ਕੁਦਰਤੀ ਮੰਡਲ 'ਚੋਂ ਡੂੰਘੇ ਭੇਤ ਰੇਡੀਓ ਦੀ ਤਰ੍ਹਾਂ ਖਿੱਚਦੇ ਹਨ, ਜੋ ਕਿ ਭਗਤੀ 'ਚ ਸਹਾਇਕ ਸਿੱਧ ਹੁੰਦੇ ਹਨ। ਕੇਸ ਸਾਡਾ ਸਭਿਆਚਾਰ ਵੀ ਹਨ। ਪਗੜੀ ਜਾਂ ਦਸਤਾਰ ਮਨੁੱਖ ਦੇ ਸਤਿਕਾਰ ਨਾਲ ਵੀ ਜੁੜੀ ਹੈ ਕਿਉਂਕਿ ਵੈਦਿਕ ਕਾਲ 'ਚ ਕੇਸਾਂ ਨੂੰ ਕੱਟ ਦੇਣਾ ਬੱਜਰ ਸਜ਼ਾ ਪ੍ਰਵਾਨੀ ਹੋਈ ਸੀ। "ਪੱਗ ਦੀ ਲਾਜ ਰੱਖੀਂ" ਜਾਂ "ਦਾੜ੍ਹੀ ਦੀ ਲਾਜ ਰੱਖੀਂ" ਵਰਗੇ ਅਖਾਣ ਵੀ ਕੇਸਾਂ ਦੇ ਸਤਿਕਾਰ ਨਾਲ ਹੀ ਜੁੜੇ ਹੋਏ ਹਨ। ਬਦਚਲਨ ਔਰਤਾਂ ਦੀ ਗੁੱਤ ਮੁੰਨ ਦਿਤੀ ਜਾਂਦੀ ਰਹੀ ਹੈ ਜਾਂ ਫਿਰ ਕਿਸੇ ਔਰਤ ਦਾ ਪਤੀ ਤੇ ਕੁੜੀ ਦਾ ਪਿਓ ਮਰ ਜਾਂਦਾ, ਤਾਂ ਉਹ ਸਿਰ ਮੁੰਨ ਕੇ ਇਸ ਦਾ ਪ੍ਰਗਟਾਵਾ ਕਰਦੀਆਂ ਸਨ। ਪਰ ਅੱਜਕਲ੍ਹ ਜਿਉਂਦਿਆਂ ਨੂੰ ਮਰੇ ਸਮਝਦੇ ਇਹ ਖੁੱਲ੍ਹ ਖੇਡ ਪ੍ਰਵਾਨੀ ਜਾ ਰਹੀ ਹੈ।

ਕੇਸਾਧਾਰੀ ਕੌਮ ਦੇ ਵਾਰਸੋ ! ਕੇਸਾਂ ਦੀ ਖ਼ਾਤਰ ਸਿੱਖਾਂ ਨੇ ਸ਼ਹਾਦਤਾਂ ਦਿਤੀਆਂ, ਤਸੀਹੇ ਝੱਲੇ, ਖੋਪਰੀਆਂ ਲੁਹਾਈਆਂ, ਬੱਚਿਆਂ ਦੇ ਟੁਕੜੇ ਕਰਵਾ ਕੇ ਝੋਲੀਆਂ 'ਚ ਪਵਾਏ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਾਰੇ ਗਏ, ਬੰਦ ਬੰਦ ਕਟਾਏ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਅਸਹਿ ਤੇ ਅਕਹਿ ਕਸ਼ਟ ਸਹਿਣ ਕੀਤੇ, ਪਰ ਸਿੱਖੀ ਕੇਸਾਂ-ਸੁਆਸਾਂ ਨਾਲ ਨਿਭਾਈ। ਬਾਬਾ ਆਲਾ ਸਿੰਘ ਨੇ ਸਵਾ ਲੱਖ ਰੁਪਏ ਮੁਗਲਾਂ ਨੂੰ ਹਰਜਾਨਾ ਤਾਂ ਭਰ ਦਿਤਾ, ਪਰ ਕੇਸ ਨਾ ਕਟਵਾਏ। ਅਫ਼ਸੋਸ ਅੱਜ ਕੇਸਾਧਾਰੀ ਕੌਮ ਦੇ ਕੁਝ ਭੁੱਲੜ ਲੋਕ ਪੈਸੇ ਦੇ ਕੇ ਕੇਸ ਕਟਾਉਂਦੇ ਹਨ। ਸ਼ਹੀਦ ਭਗਤ ਸਿੰਘ ਵਰਗੇ ਅਜ਼ਾਦੀ ਪਰਵਾਨੇ ਨੂੰ ਕਾਮਰੇਡੀ ਵਿਚਾਰਧਾਰਾ ਦਾ ਅਨੁਸਾਰੀ ਹੁੰਦੇ ਹੋਏ ਜਦੋਂ ਕੇਸਾਂ ਦੀ ਮਹੱਤਤਾ ਦਾ ਚੇਤੰਨ ਅਹਿਸਾਸ ਹੋਇਆ, ਤਾਂ ਉਸਨੇ

(ਬਾਕੀ ਪੰਨਾ ੩੭ ਤੇ..)


www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਦਸੰਬਰ ੯੭)

## ੯-ਹੁਕਮ ਰਜ਼ਾਈ ਕਰਮ

ਨਦਰਿ ਮਨਜ਼ੂਰ ਕਰਮ ਹੁਕਮੀ ਦੇ ਹੁਕਮ ਅਨੁਸਾਰ ਪਹਿਲਾਂ ਹੀ ਧੁਰਿ ਮਸਤਕਿ ਲਿਖੇ ਹੋਏ ਹੁੰਦੇਂ ਹਨ। ਰਜ਼ਾਈ (ਰਜ਼ਾ ਦੇ ਮਾਲਕ ਵਾਹਿਗੁਰੂ) ਦੀ ਰਜ਼ਾ ਵਾਲਾ ਹੁਕਮੀ (ਹੁਕਮ ਕਰਨਹਾਰ ਸਚੇ ਹਾਕਮ ਅਕਾਲ ਪੁਰਖ ) ਦੀ ਹੁਕਮ ਅਨੁਸਾਰਤਾ ਵਾਲਾ ਕਰਮੁ ਪਹਿਲਾਂ ਹੀ ਕਰਮ ਕਰਨਹਾਰ ਕਰਮਵੰਤੇ ਪ੍ਰਾਨੀ ਦੀ ਕਿਸਮਤਿ (ਪਰਾਲਬਧ) ਵਿਚਿ ਧੁਰੋਂ ਨਾਲਿ ਹੀ ਲਿਖਿਆ ਹੋਇਆ ਹੁੰਦਾ ਹੈ ਜੋ ਉਸ ਨੂੰ ਅਵਸ਼ ਕਰਨਾ ਨਸੀਬ ਹੁੰਦਾ ਹੈ। ਉਸ ਪਰਾਲਬਧੀ ਕਰਮ ਦੇ ਅਨੁਸਾਰ ਹੀ ਉਸ ਦਾ ਨਿਸਤਾਰਾ ਹੈ। ਹੁਕਮ ਰਜਾਈ ਦੀ ਰਜ਼ਾ ਮਈ ਸਚੇ ਹੁਕਮ ਤੇ ਚਲਣਾ ਅਤੇ ਏਹੋ ਹੁਕਮ ਰਜ਼ਾਈ ਕਰਮ ਕਰਨਾ ਹੀ ਇਕੋ ਇਕ ਵਾਹਿਦ ਵਸੀਲਾ (ਤ੍ਰੀਕਾ) ਹੈ ਉਤਮ ਜਗਿਆਸੂ ਦੇ ਸੱਚੇ ਨਿਸਤਾਰੇ ਦਾ ਅਤੇ ਸਚੇ ਵਾਹਿਗੁਰੂ ਦੇ ਦਰਿ ਪਰਵਾਣ ਪੈਣ ਦਾ ਅਤੇ ਸਚਿਆਰ ਬਣਨ ਦਾ। ਤਾਂਤੇ ਉਤਮ ਜਗਿਆਸੂ ਜਨ ਦਾ ਪਰਮ ਧਰਮ ਹੈ ਕਿ ਓਹੀ ਕਰਮ ਕਰੇ ਜੋ ਵਾਹਿਗੁਰੂ ਦੇ ਹੁਕਮ ਉਸ ਦੀ ਰਜ਼ਾ ਅਨੁਸਾਰ ਹੋਣ। ਹੁਕਮ ਰਜਾਈ ਚਲਣ ਦਾ ਉਦਮ ਨਿਹਾਇਤ ਲਾਜ਼ਮੀ ਹੈ। ਹੁਕਮ ਰਜ਼ਾ ਵਾਲਾ ਸਚੜਾ ਕਰਮ ਕਰਨਾ ਕਰਮਵੰਤੇ ਦਾ ਅੱਵਲ ਤਰੀਨ ਫਰਜ਼ ਹੈ ਜਿਸ ਤੇ ਉਹ ਕਦੇ ਅਵੇਸਲਾ ਹੋ ਹੀ ਨਹੀ ਸਕਦਾ। ਨਾ ਹੀ ਅਵੇਸਲਾ ਹੋਣਾ ਚਾਹੀਦਾ ਹੈ। ਸਤਿਗੁਰੂ ਹੁਕਮ ਅਤੇ ਹੁਕਮ ਰਜ਼ਾਈ ਸਾਹਿਬ ਦਾ ਹੁਕਮ ਦਰਸਾਇਆ ਕਰਮ ਜੋ ਗੁਰ ਸਿਖ ਨਹੀਂ ਕਰਦਾ ਤਾਂ ਉਹ ਗੁਰੂ ਦਾ ਸਿਖ ਕਾਹਦਾ ਹੈ। ਐਵੇਂ ਨਾਮ ਧਰੀਕ ਸਿੱਖ ਹੈ। ਹੁਕਮ ਰਜਾਈ ਵਾਹਿਗੁਰੂ ਦੇ ਹੁਕਮਾਂ ਦਾ ਸਮੂਹ (ਮਜਮੂਆ) ਸਤਿਗੁਰੂ ਦੀ ਬਾਣੀ ਹੈ। ਇਸ ਬਾਣੀ ਅੰਦਰਿ ਦਰਸਾਏ ਹੁਕਮ ਅਨੁਸਾਰੀ ਕਰਮਾਂ ਦਾ ਕਰਨਾ ਹੁਕਮ ਰਜਾਈ ਚਲਣਾ ਹੈ। ਚਾਹੇ ਏਹਨਾਂ ਹੁਕਮਾਂ ਉਤੇ ਸਮੁੱਚੇ ਤੌਰ ਤੇ ਉਹੀ ਵਡਭਾਗ ਕਰੰਮਾ ਜਨ ਚਲ ਸਕਦਾ ਹੈ ਜਿਸਨੂੰ ਉਹ ਆਪਿ ਚਲਾਏ। ਪਰ ਹੁਕਮ ਦੀ ਰਜ਼ਾ ਮੰਨਣਾ ਹੁਕਮ ਦਾ ਪਾਲਣ ਹਰੇਕ ਸਿਖ ਦਾ ਫਰਜ਼ ਹੈ। ਘਾਲ ਥਾਇਂ ਉਸੇ ਦੀ ਪੈਂਦੀ ਹੈ ਜਿਸ ਉਪਰਿ ਉਹ ਨਦਰੀ ਨਦਰ ਨਿਹਾਲ ਹੋਵੇ। ਪਰ ਉਸ ਨੇ ਜਦੋਂ ਭੀ ਨਿਹਾਲ ਹੋਣਾ ਹੈ ਅਸਾਡੇ ਕਰਮਾਂ ਤੇ ਹੋਣਾ ਹੈ। ਅਤੇ ਓਹਨਾਂ ਕਰਮਾਂ ਤੇ ਹੋਣਾ ਹੈ ਜੋ ਉਸ ਦੀ ਹੁਕਮ ਰਜ਼ਾ ਦੇ ਅਨੁਸਾਰ ਹੋਣ। ਹੁਕਮ ਰਜ਼ਾਈ ਕਰਮ ਸਾਫ ਗੁਰਬਾਣੀ ਅੰਦਰਿ ਦਰਸਾ ਦਿਤੇ ਗਏ ਹਨ। ਤਾਂ ਤੇ ਇਹ ਭੁਲੇਖਾ ਹੀ ਨਹੀਂ ਰਹਿੰਦਾ ਕਿ ਕੇਹੜੇ ਹੁਕਮ ਰਜ਼ਾਈ ਕਰਮ ਹਨ। ਘਟ ਤੋਂ ਘਟ ਗੁਰੂ ਦੇ ਸਚਿਆਰ ਸਿਖ ਨੂੰ ਤਾਂ ਇਹ ਭੁਲੇਖਾ ਰਹਿ ਹੀ ਨਹੀਂ ਸਕਦਾ। ਗੁਰ ਸਿਖ ਹੌਂਸਲਾ ਨਾ ਹਾਰੇ ਇਹ ਖਿਆਲ ਕਰੇ ਕਿ ਖਬਰੇ ਮੇਰੇ ਕੀਤੇ ਕਰਮ ਪਰਵਾਣ ਪੈਣੇ ਹਨ ਕਿ ਨਹੀਂ। ਮੇਰ ਤੇਰ ਦਾ ਭਰਮ ਚੁਕਾਇ ਕੇ ਏਹੜ ਤੇਹੜ ਦੇ ਬਹਾਨੇ ਲਾਹਿ ਕੇ ਹੁਕਮ ਰਜਾਈ ਵਾਹਿਗੁਰੂ ਦੇ ਹੁਕਮਾਂ ਤੇ ਚਲਣਾ ਅਰਥਾਤ ਗੁਰਬਾਣੀ ਅੰਦਰਿ ਦਰਸਾਏ ਹੁਕਮ ਰਜਾਈ ਕਰਮਾਂ ਦਾ ਕਰਨਾ ਅਪਣਾ ਗੁਰ ਸਿਖੀ ਦਾ ਉਦੇਸ਼ ਬਣਾਵੇ। ਇਹ ਕੀ ਪਤਾ ਕਿ ਕਦੋਂ ਅਤੇ ਕੇਹੜੇ ਵੇਲੇ ਉਸ ਦੇ ਕੀਤੇ ਕਰਮ ਫਲੀ ਭੂਤ ਹੋ ਜਾਣੇ ਹਨ। ਇਹ ਦ੍ਰਿੜ ਨਿਸਚਾ ਰੱਖੇ ਕਿ ਹੁਕਮ ਰਜਾਈ ਕਰਮਾਂ ਦਾ ਕਰਨਾ ਕਦੇ ਨਿਹਫਲ ਨਹੀਂ ਜਾਂਦਾ। ਸਾਨੂੰ ਇਹ ਪਤਾ ਨਹੀਂ ਕਿ ਨਦਰ ਕਦੋਂ ਹੋ ਜਾਣੀ ਹੈ ਪਰ ਹੋਵੇਗੀ ਜ਼ਰੂਰ।।

"...ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।।"(੯੫੯)

ਹੁਕਮ ਰਜਾਈ ਕਰਮਾਂ ਦੀ ਘਾਲ ਕਮਾਈ ਥਾਂਇ ਜ਼ਰੂਰ ਪਏਗੀ। ਨਦਰ ਵਲੋਂ ਨਿਰਾਸਤਾ ਹੋਣ ਕਰਿ ਮਤੇ ਨਿਤਾਣਾ ਹੀ ਹੋ ਬਹੇ। ਨਿਰੀ ਨਦਰਾਂ ਉਪਰ ਨਿਰਭਰਤਾ ਰਖਣ ਕਰਿ ਅਵੇਸਲਾ ਭੀ ਨਾ ਹੋ ਜਾਵੇ। ਹੁਕਮ ਰਜਾਈ ਕਰਮ ਕਰੀ ਜਾਵੇ।

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।।
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।।"
(੫੨੨)

ਪਰ ਦਾਅਵਾ ਭੀ ਨਾ ਬੰਨ੍ਹ ਬੈਠੇ। ਹੁਕਮ ਰਜ਼ਾਈ ਚਲਣ ਨੂੰ ਆਪਣੀ ਆਗਿਆਕਾਰਤਾ ਸਮਝੇ। ਸਤਿਗੁਰੂ ਦਾ ਆਗਿਆਕਾਰੀ ਸਿਖ ਬਣਨਾ ਸਿਖੀ ਦੇ ਯਾਚਕ ਦੀ ਯਾਚਨਾ ਦਾ ਪਹਿਲਾ ਅਤੇ ਮੁਖ ਸਬਕ ਹੈ। ਗੁਰ ਸਿਖੀ ਦੇ ਦੀਖਿਆ ਮਈ ਸਬਕ ਨੂੰ ਹੁਕਮੀ ਦਾ ਹੁਕਮ ਸਤਿਗੁਰੂ ਦਾ ਪਰਸਾਦੀ ਹੁਕਮ ਸਮਝ ਕੇ ਸਿਖੇ। ਇਹ ਨਿਰਾ ਹੁਕਮ ਹੀ ਨਹੀਂ ਗੁਰੂ ਦਾ ਪਰਸਾਦ ਹੈ। ਪਰਸਾਦੀ ਦਾ ਭੋਜਨ ਅਹਿਲਾਦ ਹੈ। ਪਰਸਾਦੀ ਨੂੰ ਹੁਕਮ ਰਜਾਈ ਨੇ ਹੁਕਮ ਦਿੰਦੇ ਹੋਏ ਹੁਕਮ ਦਰਸਾਉਂਦੇ ਹੋਏ ਨਾਲਿ ਹੀ ਇਹ ਲਿਖ ਦਿਤਾ ਹੈ ਕਿ ਹੁਕਮ ਰਜ਼ਾ ਉਤੇ ਚਲਣਾ ਹੈ। ਤਾਂ ਤੇ ਹੁਕਮ ਰਜ਼ਾਈ ਚਲਣਹਾਰੇ ਨੂੰ ਹੁਕਮ ਰਜਾਈ ਚਲਣ ਦੇ ਹੁਕਮ ਮਿਲਨ ਸਾਰ ਨਿਰਾ ਇਸ ਨੂੰ



www.AKJ.Org

ਵੀਚਾਰਨਾ ਹੀ ਨਹੀਂ, ਸਗੋਂ ਨਾਲਿ ਦੀ ਨਾਲਿ ਇਸ ਉਪਰ ਚਲਣਾ ਇਸ ਹੁਕਮ ਅਨੁਸਾਰ ਕਮਾਈ (ਕਰਮ) ਕਰਨਾ ਭੀ ਲਾਜ਼ਮੀ ਹੈ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।੧।।

ਧੁਰਿ ਸ੍ਰਿਸਤੋਂ ਲਿਖੇ ਹੁਕਮ ਨੂੰ ਨਾਲਿ ਸ੍ਰਿਸ਼ਤ ਦੇ ਲਿਖੇ ਹੁਕਮ ਨੂੰ ਨਾਲਿ ਦੀ ਨਾਲਿ ਕਮਾਈ ਵਿਚਿ ਲਿਆਉਣਾ ਹੈ, ਹੁਕਮ ਮਿਲਣ ਨਾਲਿ ਹੀ, ਹੁਕਮ ਉਦੀਪਤ ਹੋਣ ਨਾਲਿ ਹੀ, ਨਿਰੀ ਰਜ਼ਾ ਤੇ ਹੀ ਨਹੀਂ ਰਹਿ ਖੜ੍ਹੋਣਾ। ਪਰ ਹੁਕਮ ਉਪਰ ਚਲਣਾ ਕੀ ਹੈ। ਹੁਕਮ ਉਪਰਿ ਚਲਣਾ ਹੁਕਮ ਰਜ਼ਾ ਦਾ ਮੰਨਣਾ ਹੈ। ਹੁਕਮ ਰਜ਼ਾ ਦਾ ਰਜਾਈ ਹੋਣਾ ਹੁਕਮਾਂ ਦੀ ਕਮਾਈ ਕਰਨਹਾਰਾ ਬਣਨਾ ਹੈ, ਨਾ ਕਿ ਮੱਥੇ ਤੇ ਹਥ ਧਰ ਕੇ ਨਿਰਉਦਮ (ਨਿਰਕਰਮਤਾ) ਦਾ ਧਰਨਾ ਮਾਰਿ ਬੈਠਣਾ। ਉਹ ਨਿਕਰਮਣਾ ਬੰਦਾ ਹੈ ਜੋ ਕਰਮ ਨਹੀਂ ਕਮਾਉਂਦਾ। ਅਪਣੇ ਗੁਰੂ ਦਾ ਸੱਚੇ ਸਾਹਿਬ ਸਚੇ ਹਾਕਮ ਦਾ ਜੋ ਹੁਕਮ ਨਹੀਂ ਮੰਨਦਾ, ਨਿਕਰਮਣੀ ਸਿਖ ਹੈ। ਗੁਰੂ ਕਰਤਾਰ ਦਾ ਆਗਿਆਕਾਰ ਸਿਖ ਨਹੀਂ ਕਹਾ ਸਕਦਾ। ਹੁਕਮੀ ਬੰਦਾ ਨਹੀਂ ਸਦਾ ਸਕਦਾ। ਇਹ ਯਾਦ ਰਹੇ ਕਿ ਬੰਦੇ ਦੇ ਹੁਕਮ ਰਜਾਈ ਕਰਮ ਕੀਤੇ ਹੀ ਥਾਇ ਪੈਂਦੇ ਹਨ। ਰਜ਼ਾਈ ਦੀ ਰਜ਼ਾ ਮੰਨਣੇ ਕਰਮ ਹੀ ਕਰਮਾਉਣੇ (ਕਮਾਈ ਅੰਦਰਿ ਲਿਆਉਣੇ) ਫਲੀਭੂਤ ਹੁੰਦੇ ਹਨ। ਦੂਜੇ ਕਰਮ ਸਭ ਫਾਦਲ ਹੀ ਹਨ। ਫਾਦਲ ਕਰਮਾਂ ਦੀ ਫਿਲਾਸਫੀ ਭੀ ਫਜ਼ੂਲ ਫਲਾਸਫੀ ਹੀ ਹੈ। ਨਿਕੰਮੀ ਮਗਜ਼ ਖਪਾਈ ਹੈ। ਸੋ ਉਸ ਨਾਲ ਸਾਡਾ ਕੋਈ ਸਰੋਕਾਰ ਨਹੀਂ।

ਗੁਰੂ ਕਰਤਾਰ ਗੁਸਾਈ ਸਚੇ ਸਾਈ ਹੁਕਮ ਰਜਾਈ ਦਾ ਹੁਕਮਨ ਸਿਰ ਸੱਚਾ ਅਤੇ ਸ੍ਰੇਸ਼ਟ ਸਭ ਤੋਂ ਮੁਖ ਹੁਕਮੁ ਸਿਫਤਿ ਸਲਾਹ ਨਾਮ ਸਿਮਰਨ ਅਭਿਆਸ ਹੈ। ਨਾਮ ਸਿਮਰਨ ਅਭਿਆਸ ਦੀ ਕਮਾਈ ਕਰਨਾ ਹੁਕਮ ਰਜਾਈ ਦੀ ਰਜ਼ਾ ਉਪਰਿ ਚਲਣਾ ਹੈ। ਇਸ ਸਿਫਤਿ ਸਲਾਹ ਰੂਪੀ ਹੁਕਮਨ ਸਿਰਿ ਹੁਕਮ ਨੂੰ ਕਮਾਵਨਾ ਹੀ ਗੁਰਮਤਿ ਅਨੁਸਾਰ ਕਰਨ ਯੋਗ ਸਚੇ ਕਰਮ ਦਾ ਕਰਨਾ ਹੈ। ਕਰਨ ਯੋਗ ਕਰਮ ਉਹ ਅਪਣੇ ਹੁਕਮ ਅਨੁਸਾਰ ਆਪਿ ਕਰਾਉਂਦਾ ਹੈ। ਹੁਕਮ ਹੀ ਉਸਦਾ ਉਸਦੇ ਕਰਾਉਣ ਯੋਗ ਕਰਮ ਨੂੰ ਕਰਨਾ ਹੈ। ਜਿਸ ਕਰਮ ਦੇ ਕਰਨ ਦਾ ਉਸ ਵਲੋਂ ਹੁਕਮ ਹੈ, ਉਸ ਕਰਮ ਦੇ ਕਰਨ ਕਰਾਉਣਹਾਰਾ ਉਹ ਆਪ ਹੈ। ਉਸ ਦੇ ਹੁਕਮ ਅੰਦਰਿ ਕੀਤਾ ਕਰਮ ਉਸੇ ਦਾ ਕਰਮ ਹੈ। ਗੁਰ ਸਿਖਾਂ ਨੇ ਸੋਈ ਕੰਮ (ਕਰਮ) ਕਰਨਾ ਹੈ ਜੋ ਆਪਿ ਗੁਰੂ ਕਰਤਾਰ ਕਰਾਏ, ਭਾਵੇਂ ਕਿਵੇਂ ਅਤੇ ਕਿਸੇ ਥਾਂ ਤੇ ਕਿਸੇ ਪੋਜੀਸ਼ਨ ਵਿਚਿ ਰਖ ਕੇ ਗੁਰ ਸਿਖਾਂ ਪਾਸੋਂ ਕਰਵਾਏ। ਜਿਥੇ ਰਖ ਕੇ ਕਰਾਏ ਸਾਈ ਭਲੀ ਜਾਇ ਹੈ। ਸੋਈ ਸਿਆਣਾ ਸਿਖ ਹੈ। ਸੋਈ ਪਤਿਵੰਤਾ ਗੁਰ ਸਿਖ ਹੈ, ਜਿਸ ਨੂੰ ਹੁਕਮ ਰਜ਼ਾਈ ਕਰਤਾ ਗੁਰੂ ਦਾ ਹੁਕਮ ਮੀਠਾ ਲਗਦਾ ਹੈ। ਗੁਰ ਸਿਖ ਹੁਕਮੀ ਬੰਦਾ ਤਾਂ ਹਰ ਦੰਮ ਅਪਣੇ ਆਪ ਨੂੰ ਉਸ ਦੇ ਇੱਕਤ ਹੁਕਮ ਦੇ ਧਾਗੇ ਵਿਚਿ ਪਰੋਤਾ ਜਾਣਦਾ ਹੈ। ਨਾ ਸਿਰਫ ਅਪਣੇ ਆਪ ਨੂੰ ਬਲਕਿ ਸਭਸ ਨੂੰ ਹੁਕਮੀ ਦੇ ਇੱਕਤ ਹੁਕਮ ਧਾਗੇ ਦੀ ਪਰੋਤ ਤੋਂ ਬਾਹਰਿ ਨਹੀਂ ਸਮਝਦਾ। ਐਸੇ ਹੁਕਮੀ ਬੰਦੇ ਹੁਕਮ ਰਜਾਈ ਚਲਣ ਹਾਰੇ ਸਿਖ ਗੁਰਮੁਖ ਜਨ ਨੂੰ ਅਪਣੀ ਨਦਰ ਅਨੁਸਾਰ ਨਦਰ ਕਰੰਮੀ ਭਗਤ ਵਛਲਤਾ ਅਨੁਸਾਰ ਅਪਣੀ ਚਰਨੀ ਲਾਇ ਲੈਂਦਾ ਹੈ। ਜਿਸ ਹੁਕਮ ਰਜ਼ਾਈ ਚਲਣਹਾਰੇ ਹੁਕਮੇ ਅੰਦਰਿ ਸਿਫਤਿ ਸਾਲਾਹੀ ਅਤੁਟ ਕਮਾਈ ਕਰਨ ਹਾਰੇ ਨਾਮ ਅਭਿਆਸੀ ਗੁਰ ਸਿਖ ਗੁਰਮੁਖ ਜਨ ਦਾ ਸਿਫਤਿ ਸਾਲਾਹੀ ਕਮਾਈਆਂ ਕਰਿ ਕਰਿ ਹੁਕਮ ਰਜ਼ਾਈ ਰਜ਼ਾਵਾਂ ਮੰਨਿ ਮੰਨਿ ਹਿਰਦੰਤਰੀ ਊਂਧ ਕਮਲ ਪਰਗਾਸ ਹੋ ਗਿਆ ਹੈ। ਵਿਗਸ ਉਠਿਆ ਹੈ। ਤਿਸ ਨੇ ਸਰਬ ਥਾਂਈ ਰਸ ਰਹੇ ਜੋਤਿ ਜੋਤੀਸਰ ਨਿਰੰਜਨ ਦਾ ਪਰਤੱਖ ਦਰਸਨ ਕਰਿ ਲਿਆ ਹੈ। ਸਰਬੇ ਥਾਂਈ ਉਹ ਜੋਤਿ ਨਿਰੰਜਨੀ ਦਾ ਸਾਂਗੋ ਪਾਂਗ ਦੀਦਾਰਾ ਕਰਨਹਾਰਾ ਬਣਿਆ ਹੈ। ਸਾਕਸ਼ਾਤ ਦਰਸ਼ਨ ਕਰਦਾ ਹੈ। ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਸਰਬੇ ਥਾਂਈ ਇਕੈ ਨਿਰੰਜਨ ਨੂੰ ਪੇਖਦਾ ਹੈ ਅਤੇ ਪੇਖਿ ਪੇਖਿ ਵਿਗਸਦਾ ਹੈ। ਅਤੇ ਵਿਗਸ ਵਿਗਸ ਕੇ ਇਉਂ ਸਨਮੁਖ ਮਹਿਮਾ ਕਰਦਾ ਹੈ। ਸਨਮੁਖੀ ਉਸਤਤਿ ਉਚਰਦਾ ਹੈ। ਹੇ ! ਨੂਰ ਜ਼ਹੂਰੀ ਆਪੋਂ ਜ਼ਹੂਰ ਵਿਚਿ ਆਏ ਸਚੇ ਸਾਹਿਬਾ ਤੇਰੀ ਮਹਿਮਾ ਤੂੰਹੇ ਜਾਣਹਿ ਤਾਂ ਜਾਣਹਿ। ਅਪਣਾ ਆਪਿ ਤੂੰ ਆਪਿ ਹੀ ਪਛਾਣਹਿ ਤਾਂ ਪਛਾਣਹਿ। ਮੈਂ ਤਾਂ ਆਪੋਂ ਕੁਛ ਭੀ ਨਹੀਂ। ਨਾਚੀਜ਼ ਬੰਦਾ ਹਾਂ। ਤੇਰੇ ਦਰ ਘਰ ਦੇ ਓਹਨਾਂ ਸੰਤਾਂ ਤੋਂ ਬਲਿ ਬਲਿ ਜਾਂਦਾ ਹਾਂ ਜਿਨ੍ਹਾਂ ਨੇ ਆਪਾ ਮਾਰਿਆ। ਐਉਂ ਮਾਰਿਆ ਕਿ ਮਾਰ ਕੇ ਪੀਹ ਸਿਟਿਆ। ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਪੰਜੇ ਦੂਤ ਭੀ ਨਾਲੇ ਹੀ ਪੀਹ ਸਿਟੇ। ਹੇ ਨਿਰੰਕਾਰ ਤੂੰ ਸਦਾ ਹੀ ਨਿਰਵੈਰ ਹਹਿੰ। ਤੇਰੇ ਸੰਤ ਭੀ ਇਸ ਨਿਰਵੈਰਤਾ ਦੀ ਮਲ ਤੋਂ ਰਹਿਤ ਨਿਰਮਲ ਹਨ। ਜਿਨਾਂ ਨੂੰ ਡਿਠਿਆਂ ਸਭ ਕਲਮਲ ਉਤਰ ਜਾਂਦੇ ਹਨ। ਤਿਨਾ ਗੁਰੂ ਘਰ ਦੇ ਗੁਰੂ ਨਾਨਕ ਦੇ ਘਰ ਦੇ ਦਾਸਾਂ ਦਾ ਦਾਸ ਹੋ ਕੇ ਅਤੇ ਅਤਿ ਨਿਰਮਾਣ ਹੋ ਕੇ ਤੇਰਾ ਨਾਮ ਹੀ ਧਿਆਇ


www.AKJ.Org

ਧਿਆਇ ਕੇ ਜੀਵਾਂ। ਸਾਰਾ ਜੀਵਨ ਨਾਮ ਅਭਿਆਸ ਕਮਾਈਆਂ ਕਰਿ ਕਰਿ ਹੀ ਬਿਤੀਤ ਕਰਾਂ। ਤੇਰੀ ਹੁਕਮੁ ਰਜਾ ਤੇ ਚਲਣ ਦੇ ਪਰਤਾਪ ਨਾਲਿ ਮੇਰਾ ਸਗਲ ਭਰਮ ਭਉ ਮਿਟ ਗਇਆ, ਜੋ ਢੀਠ ਹੋ ਕੇ ਤਕੜਾ ਹੋ ਕੇ ਚਿਮੜਿਆ ਹੋਇਆ ਹੈ, ਸਾਰੇ ਸੰਸਾਰ ਨੂੰ। ਯਥਾ ਗੁਰਵਾਕ :-

ਮਾਝ ਮਹਲਾ ੫।।
ਸੋਈ ਕਰਣਾ ਜਿ ਆਪਿ ਕਰਾਏ।।
ਜਿਥੈ ਰਖੈ ਸਾ ਭਲੀ ਜਾਏ।।
ਸੋਈ ਸਿਆਣਾ ਸੋ ਪਤਿਵੰਤਾ
ਹੁਕਮੁ ਲਗੈ ਜਿਸੁ ਮੀਠਾ ਜੀਉ।।੧।।
ਸਭ ਪਰੋਈ ਇਕਤੁ ਧਾਗੈ।।
ਜਿਸੁ ਲਾਇ ਲਏ ਸੋ ਚਰਣੀ ਲਾਗੈ।।
ਊਂਧ ਕਵਲੁ ਜਿਸੁ ਹੋਇ ਪ੍ਰਗਾਸਾ
ਤਿਨਿ ਸਰਬ ਨਿਰੰਜਨੁ ਡੀਠਾ ਜੀਉ।।੨।।
ਤੇਰੀ ਮਹਿਮਾ ਤੂੰਹੈ ਜਾਣਹਿ।।
ਅਪਣਾ ਆਪੁ ਤੂੰ ਆਪਿ ਪਛਾਣਹਿ।।
ਹਉ ਬਲਿਹਾਰੀ ਸੰਤਨ ਤੇਰੇ
ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ।।੩।।
ਤੂੰ ਨਿਰਵੈਰੁ ਸੰਤ ਤੇਰੇ ਨਿਰਮਲ।।
ਜਿਨ ਦੇਖੇ ਸਭ ਉਤਰਹਿ ਕਲਮਲ।।
ਨਾਨਕ ਨਾਮੁ ਧਿਆਇ ਧਿਆਇ ਜੀਵੈ
ਬਿਨਸਿਆ ਭ੍ਰਮੁ ਭਉ ਧੀਠਾ ਜੀਉ।।੪।।੪੨।।੪੯।।(੧੦੮)

ਹੁਕਮ ਰਜ਼ਾਈ ਸਾਹਿਬ ਸਚਾ ਸਾਈਂ ਵਾਹਿਗੁਰੂ ਜਿਸ ਉਪਰਿ ਦਇਆਲ ਹੁੰਦਾ ਹੈ ਤਾਂ ਆਪਣੀ ਕਿਰਪਾ ਕਰਿ ਉਸ ਤੋਂ ਸੋਈ ਕਰਮ ਕਰਾਉਂਦਾ ਹੈ, ਜੋ ਉਸ ਦੀ ਹੁਕਮ ਰਜ਼ਾ ਦੇ ਅਨਕੂਲ ਹੋਣ। ਸੋਈ ਕਾਰ ਉਸ ਤੋਂ ਕਰਵਾਉਂਦਾ ਹੈ ਜੋ ਹੁਕਮ ਰਜ਼ਾਈ ਕਾਰ ਹੋਵੇ। ਇਹ ਕਾਰ ਸੇਵਾ ਸੇਵਕ ਸਿਖ ਗੁਰਮੁਖ ਜਨ ਕਰਦਾ ਹੈ, ਜਿਸ ਨੂੰ ਉਹ ਆਪਣਾ ਹੁਕਮ ਮਨਾਉਂਦਾ ਹੈ। ਹੁਕਮ ਰਜਾਈ ਵਾਹਿਗੁਰੂ ਕਰਤਾਰ ਦਾ ਹੁਕਮ ਮੰਨਣ ਕਰਕੇ ਉਹ ਗੁਰ ਸਿਖ ਸੇਵਕ ਹੁਕਮ ਦੀ ਕਾਰ ਕਮਾਵਣ ਕਰਿ ਕਰਿ ਦਰਗਹਿ ਪਰਵਾਣ ਹੋ ਜਾਂਦਾ ਹੈ। ਹੁਕਮ ਮੰਨਣ ਦਾ ਸਦਕਾ ਹੀ ਉਸ ਨੂੰ ਖਸਮ ਸਚੇ ਹੁਕਮ ਰਜਾਈ ਮਾਲਕ ਦੇ ਮਹਿਲ ਦੀ ਰਸਾਈ ਹੋ ਜਾਂਦੀ ਹੈ। ਜੇਹੜਾ ਸੇਵਕ ਸਿਖ ਓਹੀ ਕੁਛ ਕਰਦਾ ਕਮਾਉਂਦਾ ਕਰਮਾਉਂਦਾ ਹੈ, ਜੋ ਜੋ ਖਸਮ ਨੂੰ ਭਾਉਂਦਾ ਹੈ ਤਾਂ ਉਹ ਮਨੋਂ ਚਿੰਦਿਆਂ ਫਲ ਪਾਉਂਦਾ ਹੈ। ਅਤੇ ਮੁਖ ਉਜਲਾ ਲੈਕੇ ਸੁਰਖਰੂਈ ਸਹਿਤ ਪੈਧਾ (ਪਹਿਨਿਆ) ਸਚੀ ਦਰਗਹ ਵਿਚਿ ਜਾਇ ਵਾਸਲ ਹੁੰਦਾ ਹੈ। ਯਥਾ ਗੁਰਵਾਕ :-

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ
ਤਾ ਸਾਈ ਕਾਰ ਕਰਾਇਸੀ।।
ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ।।
ਹੁਕਮਿਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ।।
ਤਾ ਦਰਗਹ ਪੈਧਾ ਜਾਇਸੀ।।

(ਪਉੜੀ ੧੫ ਸ੍ਰੀ ਆਸਾ ਜੀ ਦੀ ਵਾਰ)(੪੭੧)

ਕਰਮਾਂ ਦੇ ਗੇੜ ਦੇ ਨਾਲਿ ਨਾਲਿ ਹੀ ਹੁਕਮੀ ਦੇ ਹੁਕਮਾਂ ਦਾ ਗੇੜ ਚਲਦਾ ਹੈ। ਜੇਹੋ ਕੋਈ ਕਰਮ ਕਮਾਉਂਦਾ ਹੈ ਤੇਹੋ ਜੇਹਾ ਫਲ ਹੀ ਕਰਮ ਫਲ ਪਰਦਾਤਾ ਗੁਰੂ ਕਰਤਾਰ ਉਸ ਨੂੰ ਦਿੰਦਾ ਹੈ ਅਤੇ ਤਿਸੇ ਕਰਮ ਦੇ ਮੁਤਾਬਕ ਹੀ ਅਗਲੇ ਜਨਮ ਵਿਚਿ ਅਜੇਹੇ ਕਰਮ ਉਸ ਤੋਂ ਕਰਾਉਂਦਾ ਹੈ ਜੋ ਪਹਿਲੇ ਜਨਮ ਦੇ ਕਰਮਾਂ ਦਾ ਫਲ ਰੂਪ ਹੋਣ। ਪੂਰਬਲੇ ਜਨਮ ਦੇ ਕਰਮਾਂ ਦਾ ਫਲ ਉਨ੍ਹਾਂ ਕਰਮਾਂ ਦੇ ਮੁਤਾਬਕ ਜਨਮ ਦੇਣਾ ਹੀ ਨਹੀਂ ਇਸ ਅਗਲੇ ਜਨਮ ਦੇ ਕਰਮ ਭੁਗਤਾਉਣਾ ਭੀ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੁੰਦਾ ਹੈ ਜੋ ਹੁਕਮ ਰਜ਼ਾਈ ਸਾਹਿਬ ਅਪਣੇ ਹੁਕਮ ਅੰਦਰ ਭੁਗਤਾਉਂਦਾ ਹੈ। ਤਾਂ ਕਰਮ ਕਮਾਉਣ ਹਾਰਾ ਅਲਪਗ ਪੁਰਸ਼ ਇਹ ਡੀਂਗ ਕਦੇ ਭੀ ਨਹੀਂ ਮਾਰ ਸਕਦਾ ਕਿ ਫਲਾਣੇ ਫਲਾਣੇ ਕਰਮ ਮੈਂ ਖੁਦ ਅਪਣੀ ਮਰਜ਼ੀ ਨਾਲ ਕਰਦਾ ਹਾਂ। ਉਸ ਦੀ ਹੁਕਮ ਰਜ਼ਾ ਮੰਨਣ ਵਾਲੇ ਸਤਿ ਕਰਿ ਮੰਨਣ ਵਾਲੇ ਤਾਂ ਇਹੀ ਕਹਿੰਦੇ ਹਨ ਕਿ :-

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ।। ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।।੧।।ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ।। ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।।੧।।ਰਹਾਉ।।ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ।।ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ।।੨।। ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।।ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ।।੩।।ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ।। ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ।।੪।।੪।।੧੫।।੨੪।।(੭੩੬)

(ਸੂਹੀ ਮਹਲਾ ੪)


www.AKJ.Org

ਭਾਵ ਹੁਕਮ ਰਜਾਈ ਕਰਤੇ ਪੁਰਖ ਨੇ ਅਪਣੇ ਹੁਕਮਿ ਅੰਦਰਿ ਅਪਣੀ ਰਜ਼ਾ ਅੰਦਰਿ ਹੀ ਜੋ ਕੁਛ ਕੀਤਾ ਹੈ ਸੋ ਕੀਤਾ ਹੈ ਅਤੇ ਜੋ ਕੁਛ ਕਰਨਾ ਹੈ ਸੋ ਕਰਨਾ ਹੈ। ਇਸ ਹੁਕਮ ਰਜ਼ਾ ਤੋਂ ਉਲਟ ਜਾਂ ਇਸ ਹੁਕਮ ਰਜ਼ਾ ਦੇ ਸਦਰਸ਼ ਸ਼ਰੀਕੀ ਵਿਚਿ ਹੋਰ ਕਿਸੇ ਦਾ ਕੀਤਾ ਕਰਿਆ ਕੁਛ ਨਹੀਂ ਹੁੰਦਾ। ਕੋਈ ਕਰ ਕੇ ਦਿਖਾਵੇ ਜੋ ਉਸਦੀ ਸਕਤਿ ਹੋਵੇ ਕਰਨ ਦੀ, ਉਸ ਦੀ ਸਰਬੱਗ ਹੁਕਮ ਰਜ਼ਾ ਤੋਂ ਪਰੇਡੇ ਕਿਸੇ ਅਲਪਗ ਹਸਤੀ ਦਾ ਅਪਣਾ ਕੀਤਾ ਕੁਛ ਭੀ ਨਹੀਂ ਹੁੰਦਾ। ਤਾਂਤੇ ਜਿਉਂ ਉਸ ਨੂੰ ਭਾਵੇ ਜਿਉਂ ਉਸ ਦੀ ਰਜ਼ਾ ਵਿਚਿ ਆਵੇ ਤਿਵੇਂ ਹੀ ਰਹਿਣਾ ਉਚਿਤ ਹੈ। ਸਭ ਕੁਛ ਵਾਹਿਗੁਰੂ ਦੇ ਵਸਿ ਹੈ। ਅਤੇ ਉਸ ਦੀ ਹੁਕਮ ਰਜ਼ਾ ਦੇ ਅੰਦਰਿ ਹੈ। ਜ਼ੋਰ ਚਾਰਾ ਕੁਛ ਨਹੀਂ ਚਲਦਾ ਕੁਛ ਕਰਿ ਸਕਣ ਦਾ ਉਸ ਦੀ ਰਜ਼ਾ ਉਸ ਦੇ ਹੁਕਮ ਦੇ ਪ੍ਰਤਿਕੂਲ ਕਰ ਸਕਣ ਦਾ। ਉਸ ਦੀ ਸ਼ਰੀਕੀ ਕਰਿਆਂ ਉਸ ਦੀ ਹਮਸਰੀ ਕਰਿਆਂ ਉਸ ਦੀ ਬ੍ਰੋਬਰੀ ਕਰਿਆਂ ਕੀ ਬਣਦਾ ਹੈ। ਸਗੋਂ ਐਸਾ ਕਰਨਾ ਐਨ ਮਨਮੁਖਤਾ ਹੈ। ਜਿਉਂ ਤਿਸ ਨੂੰ ਭਾਵੇ ਤਿਵੇਂ ਹੀ ਉਸ ਦੇ ਦਰੋਂ ਬਖਸ਼ੇ ਜਾਣ ਦਾ ਉਸ ਦੀ ਬਖਸ਼ਿਸ਼ ਦਾ ਪਾਤਰ ਬਣਨਾ ਚਾਹੀਦਾ ਹੈ। ਆਪੇ ਹੀ ਜਿਸ ਨੇ ਜੀਉ ਪਿੰਡ ਦੇਣ ਦੀ ਬਖਸ਼ਿਸ਼ ਕੀਤੀ ਹੈ ਤਿਸ ਨੇ ਆਪੇ ਹੀ ਰੋਜ਼ੀ ਕਾਰੇ ਲਾਉਣ ਦਾ ਹੀਲਾ ਕੀਤਾ ਹੈ। ਜੇਹਾ ਉਸ ਸਚੇ ਕਰਨਹਾਰ ਕਰਤਾਰ ਦਾ ਹੁਕਮ ਹੁੰਦਾ ਹੈ ਤੇਹੋ ਜੇਹਾ ਕਰਮ ਹੀ ਹਰ ਕੋਈ ਕਮਾਉਂਦਾ ਹੈ ਉਸ ਦੇ ਪੂਰਬਲੇ ਕਰਮ ਦੀ ਲਿਖਤਕਾਰੀ ਰੇਖਾ ਅਨੁਸਾਰ ਜੋ ਲਿਖਣਹਾਰੇ ਨੇ ਪਹਿਲਾਂ ਹੀ ਲਿਖਿ ਦਿਤੀ ਹੁੰਦੀ ਹੈ। ਉਸ ਦੀ ਹੁਕਮ ਰਜ਼ਾ ਤੋਂ ਉਲਟ ਕਿਸੇ ਦੀ ਕੀਤਾ ਕੁਛ ਭੀ ਨਹੀਂ ਹੁੰਦਾ। ਚਾਹੇ ਕਿਤਨਾ ਹੀ ਜ਼ੋਰ ਲਾ ਲਵੇ ਅਤੇ ਕਿਤਨਾ ਹੀ ਯਤਨ ਕਰਿ ਥਕੇ। ਇਕੋ ਉਦਾਹਰਨ ਕਾਫੀ ਹੈ। ਉਹ ਇਹ ਕਿ ਸਿਰਜਨਹਾਰ ਕਰਤੇ ਪੁਰਖ ਨੇ ਆਪਣੀ ਅਕਲ ਕਲਾ ਤੋਂ ਪੰਜ ਤੱਤ (ਜਲ, ਵਾਯੂ, ਅਗਨੀ, ਧਰਤਿ ਤੇ ਆਕਾਸ਼) ਉਪਾ ਕੇ ਸਾਰੀ ਸ੍ਰਿਸ਼ਟੀ ਸਾਜੀ ਹੈ। ਕੋਈ ਬੜੇ ਤੋਂ ਬੜਾ ਅਕਲੱਈਆ ਸਾਜ ਕੇ ਵਿਖਾਵੇ ਖਾਂ ਪੰਜਾਂ ਤੱਤਾਂ ਤੋਂ ਵਖਰਾ ਕੋਈ ਛੇਵਾਂ ਤੱਤ ਹੀ ਉਪਾ ਕੇ ਵਿਖਾਵੇ। ਹਰਗਿਜ਼ ਦਿਖਾ ਨਹੀਂ ਸਕਦਾ। ਏਸੇ ਕਰ ਕੇ ਤਾਂ ਹਰ ਕੋਈ ਅਲਪਗ ਅਤੇ ਸਰਬੱਗ ਦੇ ਸਾਹਮਣੇ ਹੇਚ ਹੈ। ਸਰਬੱਗ ਪੁਰਖ ਕਰਤਾਰ ਦੇ ਮੁਕਾਬਲੇ ਵਿਚਿ ਕਿਸੇ ਅਲੱਪਗ ਪੁਰਸ਼ ਦਾ ਕੀਤਾ ਹੋਇਆ ਛੇਵਾਂ ਤੱਤ ਹੋ ਹੀ ਨਹੀਂ ਸਕਦਾ। ਉਪਜ ਹੀ ਨਹੀਂ ਸਕਦਾ। ਭਾਵੇਂ ਲਖ ਸਾਇੰਸ ਦਾਨ ਜ਼ੋਰ ਲਾ ਥਕਣ। ਹਾਂ, ਉਸ ਦੇ ਕੀਤੇ ਤੱਤਾਂ ਤੋਂ ਕਾਢਾਂ ਤਾਂ ਮਨਿ ਆਈਆਂ ਕੱਢ ਲੈਣਗੇ। ਪਰ ਨਵਾਂ ਤੱਤ ਤਿਆਰ ਨਹੀਂ ਕਰ ਸਕਦੇ। ਤਾਂ ਤੇ ਹੁਕਮ ਰਜਾਈ ਦੀ ਰਜ਼ਾ ਤੋਂ ਉਲਟ ਚਲਣਾ ਮਹਾਂ ਮੂਰਖਤਾ ਹੈ ਅਤੇ ਨਿਰੀ ਮਨਮੁਖਤਾ ਹੈ। ਐਸੇ ਪੁਰਖਾਂ ਮਨਮੁਖਾਂ ਨੂੰ ਓੜਕ ਪਛਤਾਉਣਾ ਹੀ ਪੈਂਦਾ ਹੈ। ਇਸ ਹੁਕਮ ਰਜ਼ਾ ਦੀ ਖੇਡ ਨੂੰ ਸੋਈ ਜਨ ਗੁਰਮੁਖ ਬੁੱਝ ਸਕਦਾ ਹੈ ਜਿਸ ਨੂੰ ਸਚੇ ਸਤਿਗੁਰੂ ਦਾ ਮੇਲਾ ਕਰਾਇ ਕੇ ਤੂੰ ਆਪਿ ਬੁਝਾਵਹਿ। ਮਨਮੁਖਾਂ ਨੂੰ ਅਪਣੀ ਪੂਰਬਲੀ ਕਿਰਤ ਕਰੰਮੀ ਕਰਨੀ ਅਨੁਸਾਰ ਮਨਮੁਖਤਾ ਦਾ ਹੀ ਸਿਲਾ ਮਿਲਦਾ ਹੈ। ਓਹ ਅਪਣੇ ਕਰਮਾਂ ਨੂੰ ਪਏ ਰੋਂਦੇ ਹਨ। ਹਰਿ ਹਾਲਤ ਵਿਚਿ ਹੀ ਵਾਹਿਗੁਰੂ ਦੀ ਵਡਿਆਈ ਕਹੀ ਨਹੀਂ ਜਾ ਸਕਦੀ। ਮੂਰਖ ਮੁਗਧ ਅਲਪਗ ਨੀਚਾਣਿਆਂ ਨੀਵਿਆਂ ਨੀਵਾਣਿਆਂ ਬੰਦਿਆਂ ਦੀ ਉਥੇ ਕੀ ਪੁਗਣੀ ਹੈ ਕੋਈ ਵਾਹ ਨਹੀਂ ਚਲਣੀ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਐਸੇ ਅਜਾਣਾਂ ਨੂੰ ਫ਼ੁਰਿਮਾਇਸ਼ ਕਰਦੇ ਹਨ ਕਿ ਅਪਣੀ ਅਜੇਹੀ ਮਨਮੁਖਤਾ ਢੀਠਤਾ ਦੀ ਭੁੱਲ ਖਿਮਾ ਮੰਗਣ ਅਤੇ ਉਸ ਦੇ ਦਰੋਂ ਬਖਸ਼ੇ ਜਾਣ ਦੀਆਂ ਲੇਲ੍ਹੜੀਆਂ ਕਢਣ ਫੇਰ ਗੁਰੂ ਸਾਹਿਬ ਉਹਨਾਂ ਦੇ ਬਖਸ਼ੇ ਜਾਣ ਦੀ ਸ਼ਫਾਅਤ (ਸਫਾਰਸ਼) ਭੀ ਕਰਨਗੇ ਤਾਂ ਤੇ ਗੁਰ ਸਿਖਾਂ ਨੂੰ ਕਰਨਹਾਰ ਗੁਰੂ ਕਰਤਾਰ ਦੀ ਹੁਕਮ ਰਜ਼ਾ ਅੰਦਰਿ ਰਹਿਣਾ ਹੀ ਭਲਾ ਹੈ।

ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ॥
ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ॥੩॥
(ਬਿਲਾਵਲੁ ਮਹਲਾ ੫)(੮੧੩)

ਗੁਰੂ ਨਾਨਕ ਪੰਚੇਸ ਨੇ ਸਿਰੀ ਗੁਰੂ ਪੰਜਮੀ ਪਾਤਸ਼ਾਹੀ ਨੇ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੇ ਗੁਰ ਧੁਰਿ ਦਰਗਾਹੀ ਗੁਰੱਤਤਾ ਦੇ ਸਰੂਪ ਵਿਚਿ ਗੁਰ ਸਿਖਾਂ ਤਾਂਈ ਏਹੋ ਤੱਤ ਉਪਦੇਸ਼ ਦਿਤਾ ਹੈ ਕਿ ਕਰਨਹਾਰ ਕਰਤਾਰ ਜੋ ਕਰਿ ਰਹਿਆ ਹੈ ਉਸ ਵਿਚਿ ਕਿੰਤੂ ਨਹੀਂ ਕਰਨੀ। ਹੁਕਮ ਰਜਾਈ ਆਗਿਆ ਸਤਿ ਸਤਿ ਕਰਿ ਮੰਨਣ ਮੱਥੇ ਧਰਨੀ। ਵਡੇ ਦੀ ਵਡਿਆਈ ਹੁਕਮ ਕਰਨ ਵਿਚਿ ਹੀ ਹੈ। ਗੁਰਸਿਖਾਂ ਦੀ ਸਆਦਤ ਮੰਦੀ ਖਸਮ ਦੀ ਰਜ਼ਾ ਨੂੰ ਸਤਿ ਸਤਿ ਕਰਿ ਮੰਨਣ ਵਿਚਿ ਹੀ ਹੈ। ਅਤੇ ਏਸੇ ਵਿਚਿ ਹੀ ਸਚਾ ਸੁਖ ਹੈ। ਹੁਕਮ ਰਜਾਈ ਚਲਣ ਜੈਸਾ ਸੁਖੁ ਹੋਰ ਕੋਈ ਨਹੀਂ। ਸਿਖਾਂ ਦੀ ਸਚਿਆਰਤਾ ਹੀ ਏਹੋ ਹੈ। ਸੱਚੀ ਹੁਕਮ ਰਜ਼ਾ ਤਾਂ ਸਿਫਤਿ ਸਾਲਾਹ ਦੀ ਕਾਰ ਕਮਾਵਣੀ ਹੈ। ਅਥਾਹ ਨਾਮ ਅਭਿਆਸ ਕਮਾਈ ਕਰ ਕੇ ਜਿਨ੍ਹਾਂ ਦੇ ਹਿਰਦੇ ਅੰਦਰਿ

ਨਿਰੰਕਾਰ ਓਅੰਕਾਰ ਵਾਹਿਗੁਰੂ ਵਸਿ ਰਸਿ ਗਇਆ ਹੈ ਉਸ ਨੂੰ ਸਰਬ ਗੁਣ ਸਪੰਨ ਸਾਚੋ ਗੁਰਮਤਿ ਬਿਬੇਕ ਬੀਚਾਰ ਤੱਤ ਗਿਆਨ ਦਾ ਵਿਗਾਸ ਪਰਕਾਸ਼ ਹੋ ਗਿਆ ਹੈ। ਓਹਨਾਂ ਦੀ ਹੀ ਹੁਕਮ ਰਜ਼ਾ ਉਤੇ ਸੱਚੀ ਸਰਧਾ ਬੱਝੀ ਹੈ। ਓਹ ਸਦਾ ਗੁਰੂ ਕਰਤਾਰ ਦੇ ਭਾਣੇ ਅੰਦਰਿ ਹੀ ਕਰਮ ਕਮਾਉਂਦੇ ਹਨ। ਅਤੇ ਇਸ ਸਚੀ ਹੁਕਮ ਰਜਾਈ ਨਾਮ ਅਭਿਆਸ ਕਮਾਈ ਦੁਆਰੇ ਸੱਚੇ ਹੁਕਮ ਰਜਾਈ ਦੇ ਹੁਕਮ ਸਰੂਪ ਵਿਚਿ ਸਮਾਉਂਦੇ ਹਨ। ਯਥਾ ਗੁਰਵਾਕ :-

ਜਿਨ ਕੈ ਹਿਰਦੈ ਏਕੰਕਾਰੁ।।
ਸਰਬ ਗੁਣੀ ਸਾਚਾ ਬੀਚਾਰੁ।।
ਗੁਰ ਕੈ ਭਾਣੈ ਕਰਮ ਕਮਾਵੈ।।
ਨਾਨਕ ਸਾਚੇ ਸਾਚਿ ਸਮਾਵੈ।।(੯੦੪)

(ਰਾਮਕਲੀ ਮਹਲਾ ੧)

ਗੁਰ ਕੈ ਭਾਣੈ ਕਰਮ ਕਮਾਵਣੇ' ਹੁਕਮ ਰਜਾਈ ਕਰਮ ਕਰਨੇ ਹਨ। ਜੋ ਕਿ ਰਜਾਈ ਵਾਹਿਗੁਰੂ ਦੀ ਹੁਕਮ ਰਜ਼ਾ ਹੈ, ਉਹ ਸਤਿਗੁਰੂ ਦੀ ਬਾਣੀ ਵਿਚਿ ਅਕਾਲ ਹੁਕਮਾਂ ਦੁਆਰਾ ਦਰਸਾਈ ਗਈ ਹੈ। ਗੁਰੂ ਨੂੰ ਉਹੀ ਕੁਝ ਭਾਉਂਦਾ ਹੈ ਜੋ ਅਕਾਲ ਪੁਰਖ ਦਾ ਹੁਕਮ ਹੋਵੇ। ਤਾਂ ਤੇ ਗੁਰੂ ਕੇ ਭਾਣੇ ਵਾਲੇ ਕਰਮ ਕਮਾਉਣੇ ਗੁਰ ਸਿਖਾਂ ਦਾ ਮੁਖ ਅਸੂਲ ਹੈ। ਸਿਖ ਹੀ ਸੋ ਹੈ ਜੋ ਗੁਰੂ ਹੁਕਮ ਨੂੰ ਮੰਨਣ ਮਈ ਭਾਣੇ ਨੂੰ ਮੰਨਣਿ ਵਿਚਿ ਆਉਂਦਾ ਗੁਰੂ ਦੀ ਰਜ਼ਾ ਕਮਾਉਂਦਾ ਹੈ।

"ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ।।"(੬੦੨)

ਆਹਾ ! ਭਾਣੇ ਦੀ ਕਾਰ ਸਬੰਧੀ ਹੁਕਮ ਰਜਾਈ ਕਰਮ ਸਬੰਧੀ ਕੈਸਾ ਗੁਰਵਾਕ ਸਾਹਮਣੇ ਆਇਆ ਹੈ :-

ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ।।
ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ।।
ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ।।
ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ।।
ਭਾਣੈ ਮਿਟੀ ਸਾਜਿਕੈ ਭਾਣੈ ਜੋਤਿ ਧਰੇਇ।।
ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ।।
ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ।।
ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ।।
੨।।੧੨।।

(ਰਾਮਕਲੀ ਕੀ ਵਾਰ ਮਹਲਾ ੫) (੯੬੩)

ਹੁਕਮ ਰਜਾਈ ਚਲਣ ਦੇ ਦਸਨਾਕ ਮੁਸ਼ਤਾਕ ਸਿਖ ਨੂੰ ਗੁਰੂ ਪੂਰਾ ਇਹ ਮਤਿ ਉਪਦੇਸ਼ ਦਿੰਦਾ ਹੈ ਕਿ ਨਾਮ ਧਿਆਉਣਾ ਹੀ ਪੂਰੀ ਸਚੀ ਹੁਕਮ ਰਜ਼ਾ ਦਾ ਮੰਨਣਾ ਹੈ ਅਤੇ ਏਹੋ ਹੀ ਸੱਚਾ ਹੁਕਮ ਰਜਾਈ ਕਰਮੁ ਹੈ। ਤਾਂਤੇ ਗੁਰੂ ਦੀ ਰਜ਼ਾ ਦੇ ਆਗਿਆਕਾਰ ਗੁਰ ਸਿਖ ਨੂੰ ਇਹੀ ਚਾਹੀਦਾ ਹੈ ਕਿ ਨਾਮ ਧਿਆਉਣ ਵਿਚਿ ਹੀ ਹਮਾਤਨ ਹੋ ਕੇ ਜੁਟ ਜਾਵੇ। ਇਹੀ ਸਭ ਤੋਂ ਸ੍ਰੇਸ਼ਟ ਗੁਰਮਤਿ ਕਰਮ ਹੈ। ਭਾਣੇ ਦੇ ਮਾਲਕ ਵਾਹਿਗੁਰੂ ਦਾ ਹੁਕਮ ਰਜਾਈ ਭਾਣਾ ਅਟੱਲ ਹੈ, ਮਿਟਦਾ ਨਹੀਂ। ਗਿਣਿਆ ਮਿਣਿਆ ਹੈ, ਖੁੰਝਦਾ ਨਹੀਂ। ਅਪਣੇ ਭਾਣੇ ਅਨੁਸਾਰ ਅਪਣੀ ਹੁਕਮ ਰਜਾ ਅੰਦਰ ਹੀ ਜੀਵਾਂ ਮਾਨੁਖਾਂ ਨੂੰ ਓਹਨਾਂ ਦਾ ਕਰਮ ਬਿਧਾਤਾ ਫਲ ਪਰਦਾਤਾ ਹੋਣਿ ਕਰਿ ਪਿਛਲੇ ਕਰਮਾਂ ਦਾ ਫਲ ਭੁਗਤਾਉਂਦਾ ਹੋਇਆ ਜਪ ਤਪ ਸੰਜਮ ਆਦਿਕ ਆਨਮਤ ਕਰਮਾਂ ਵਿਚਿ ਲਾ ਛਡਦਾ ਹੈ। ਅਤੇ ਭਾਣੇ ਅੰਦਰਿ ਹੀ ਓਹਨਾਂ ਨੂੰ ਓਧਰੋਂ ਕੱਢ ਲੈਂਦਾ ਹੈ। ਆਪਣੇ ਹੁਕਮ ਰਜਾਈ ਭਾਣੇ ਅੰਦਰਿ ਹੀ ਚੁਰਾਸੀ ਦੇ ਜੀਵਾਂ ਨੂੰ ਓਹਨਾਂ ਦੇ ਕੀਤੇ ਕਰਮਾਂ ਦਾ ਫਲ ਭੁਗਤਾਉਣ ਲਈ ਜੋਨੀਆਂ ਵਿਚਿ ਭਵਾਉਂਦਾ ਹੈ। ਅਤੇ ਸ਼ੁਭ ਕਰਮਾਂ ਵਾਲਿਆਂ ਉਤੇ ਹੁਕਮ ਰਜਾਈ ਚਲਣ ਵਾਲਿਆਂ ਉਤੇ ਬਖਸ਼ਸ਼ ਦਾ ਦਰ ਖੋਲ ਦਿੰਦਾ ਹੈ। ਅਪਣੇ ਭਾਣੇ ਅੰਦਰਿ ਹੀ ਜੀਵਾਂ ਤੋਂ ਦੁਖ ਸੁਖ ਭੁਗਾਉਣੇ ਕਰਮ ਕਰਾਉਂਦਾ ਹੈ। ਓਹਨਾਂ ਕਰਮਾਂ ਦੁਆਰਾ ਹੀ ਓਹੀ ਕਰਮ ਓਹਨਾਂ ਤੋਂ ਕਰਾ ਕੇ ਲਿਖਤ ਕਰਮੋ ਦੁਖ ਸੁਖ ਓਹਨਾਂ ਪਾਸੋ ਹੀ ਭੁਗਤਵਾਉਂਦਾ ਹੈ। ਇਉਂ ਪੂਰਬਲੇ ਕਰਮਾਂ ਦਾ ਲੇਖਾ ਨਿਬੜਾਉਂਦਾ ਹੈ। ਭਾਣੇ ਅੰਦਰ ਆਪਣੀ ਪੂਰਨ ਰਜ਼ਾ ਦੇ ਹੁਕਮ ਵਿਚਿ ਹੀ ਗਰਭ ਜੋਨੀ ਵਿਚਿ ਮਿਟੀ ਦਾ ਪੁਤਲਾ ਮਾਸ ਦਾ ਬੁਥ ਬਣਾ ਕੇ ਉਸ ਦੇ ਅੰਦਰਿ ਜੀਵਤ ਕਲਾ ਵਾਲੀ ਜੋਤਿ ਧਰਦਾ ਹੈ। ਬਿੰਦ ਤੋਂ ਪਿੰਡ, ਪਿੰਡ ਤੋਂ ਜੀਵ ਬਣਾ ਦਿੰਦਾ ਹੈ। ਰਜਾ ਭਾਣੇ ਅੰਦਰਿ ਹੀ ਜੀਵਾਂ ਤੋਂ ਓਹਨਾਂ ਦੇ ਕਰਮਾਂ ਦੇ ਭੋਗ ਭੋਗਾਇੰਦਾ ਹੈ। ਅਤੇ ਜਦੋਂ ਭੋਗ ਭੋਗੇ ਜਾਂਦੇ ਹਨ, ਮੁੱਕ ਜਾਂਦੇ ਹਨ ਤਾਂ ਮਨਹਿ ਕਰ ਦਿੰਦਾ ਹੈ, ਭੋਗ ਭੋਗਾਇਣੇ ਕਰਮ ਕਰਨੋਂ। ਜੀਵਾਂ ਨੂੰ ਨਰਕਾਂ ਸੁਰਗਾਂ ਵਿਚਿ ਪਾਉਣਾ ਭੀ ਉਸ ਦਾ ਰਜ਼ਾ ਏਜ਼ਦੀ ਕਰਮ ਗਤਿ ਵਾਲਾ ਹੁਕਮ ਰਜਾਈ ਭਾਣਾ ਹੈ। ਅਪਣੇ ਹੁਕਮ ਰਜਾਈ ਭਾਣੇ ਅੰਦਰਿ ਜੀਵਾਂ ਨੂੰ ਨਰਕ ਸਰਗ ਉਤਾਹਾਂ ਚੜ੍ਹਾ ਕੇ ਫੇਰ ਧਰਤੀ ਤੇ ਲਿਆ ਪਟਕਾਉਂਦਾ ਹੈ। ਪ੍ਰੰਤੂ ਅਪਣੇ ਖ਼ਾਸੁਲ ਖ਼ਾਸ ਹੁਕਮ ਰਜ਼ਾ ਦੇ ਭਲੇ ਭਾਣੇ ਅੰਦਰਿ ਕਿਸੇ ਵਿਰਲੇ ਗੁਰਮੁਖ ਜਨ ਨੂੰ ਹੀ ਸਿਫਤ ਸਲਾਹੀ ਪ੍ਰੇਮਾ ਭਗਤੀ ਦੇ ਸਾਰ ਸ੍ਰੇਸ਼ਟ ਕਰਮ ਵਲ ਲਾਉਂਦਾ ਹੈ। ਸ੍ਰੇਸ਼ਟ ਸਰਬੋਤਮ ਕਰਮ ਸਿਫਤਿ ਸਾਲਾਹ ਰੂਪੀ ਵਾਹਿਗੁਰੂ ਦੀ ਅਨਿੰਨ ਨਾਮ


www.AKJ.Org

ਭਗਤੀ ਤੋਂ ਵਾਂਜਿਆਂ ਉਪਰਿ ਭੀ ਓਸੇ ਦੇ ਹੁਕਮ ਦੀ ਕਰਮ ਰਜਾਈ ਕਲਮ ਲੇਖਣੀ ਵਗ ਹੋਈ ਹੈ।-ਜੈਸਾ ਕਿ ਗੁਰਵਾਕ ਹੈ :-

**ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ।।**
**ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ।।**
**ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ।।**
**ਸਭਿ ਪਾਤਸਾਹੀਆ ਅਮਰ ਸਭਿ ਸਭਿ ਖੁਸੀਆਂ ਸਭਿ ਖਾਨ।।**
**ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ।।**
**ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ।।**
**ਹੁਕਮਿ ਚਲਾਇਏ ਆਪਣੈ ਕਰਮੀ ਵਹੈ ਕਲਾਮ।।**
**ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ।।੨।।੯।।**

(ਸਾਰੰਗ ਕੀ ਵਾਰ ਮਹਲਾ ੪)(੧੨੪੧)

ਭਾਵ ਅਰਥ-ਸਭੇ ਹਿੰਦੂ ਮਤ ਦੀਆਂ ਸੁਰਤੀਆਂ ਉਪਨਿਸ਼ਦਾ ਅਤੇ ਸਭੇ ਜੋਗ ਸ਼ਾਸਤ੍ਰ ਅਤੇ ਬੇਦ ਪੁਰਾਣ ਸਣੇ ਚਾਰੇ ਬੇਦਾਂ ਦੇ ਬੇਦ ਪਾਠੀ ਅਤੇ ਸਾਰੇ ਅਠਾਰਾਂ ਪੁਰਾਣਾਂ ਦੇ ਪੜ੍ਹਨਹਾਰੇ, ਸਾਰੇ ਹੀ ਆਨਮਤੀ ਤਪ ਅਤੇ ਸਭੇ ਹੀ ਤਪਾਂ ਦੇ ਕਰਣੇ ਹਾਰੇ ਤੇ ਸਭੇ ਹੀ ਗੀਤ ਸਣੇ ਗਾਇਨ ਵਿਦਿਆ ਦੇ ਗੀਤ ਗਾਵਨਹਾਰੇ, ਸਾਰੇ ਹੀ ਅਨਮਤ ਗਿਆਨ ਅਤੇ ਗਿਆਨਾਂ ਦੇ ਘੋਟਣਹਾਰੇ, ਸਭੇ ਹੀ ਬੁਧੀਆਂ ਅਤੇ ਬੁਧੀਆਂ ਦੇ ਬੁਧਿ ਫਿਲਾਸਫਰ ਅਤੇ ਸੁਧਿ ਗਿਆਤੇ, ਸਾਰੇ ਹੀ ਆਨਮਤੀ ਤੀਰਥ ਅਤੇ ਸਾਰੇ ਹੀ ਆਨਮਤ ਪੂਜ ਅਰਥਾਨ, ਸਾਰੀਆਂ ਹੀ ਮਮਲਕਤਾਂ ਤੇ ਖਾਨ ਮਲੂਕੀ ਪਾਤਸ਼ਾਹੀਆਂ ਅਤੇ ਸਾਰੇ ਹੀ ਏਹਨਾਂ ਉਤੇ ਅਮਰ ਹੁਕਮ ਚਲਾਉਣਹਾਰੇ ਉਮਰੇ ਖਾਨ ਸੁਲਤਾਨ ਅਤੇ ਸਾਰੇ ਹੀ ਐਸਾ ਕਰਨਹਾਰੇ ਅੱਈਆਸ਼ ਅਤੇ ਕੂੜ ਦੀਆਂ ਖੁਸ਼ੀਆਂ ਮਨਾਵਨਹਾਰੇ ਕੂੜੇ ਰੀਪਬਲਕੀ ਗੁਮਾਸ਼ਤੇ ਜਮਹੂਰੀਅਤ ਦੇ ਠੇਕੇਦਾਰ ਅਤੇ ਸਾਰੇ ਹੀ ਸ਼ਖਸੀ ਹਕੂਮਤ ਦੇ ਰਾਜੇ ਰਾਣੇ ਖਾਨ ਅਮੀਰੜੇ, ਸਾਰੇ ਹੀ ਬ੍ਰਹਿਮੰਡਾਂ ਦੀਪਾਂ ਲੋਆਂ ਦੇ ਵਾਸੀ ਸਮੁੱਚੇ ਨਰ ਨਾਰੀ ਮਾਨੁਖ ਅਤੇ ਸਾਰੇ ਦੇਵ ਲੋਕਾਂ ਦੇ ਸਭੇ ਦੇਵਤੇ ਅਤੇ **ਸਭੇ ਜੋਗ**-ਧਿਆਨੀ ਜੋਗੀ, ਰਿਸ਼ੀ ਮੁਨੀ ਜੀਆ ਤਪ-**ਤਪੀਸ਼ਰ**, ਗਿਆਨ-ਧਿਆਨੀਸ਼ਰ ਸਾਰੇ ਸਭੇ ਪੁਰੀਆ **ਖੰਡ** ਸਭਿ ਅਤੇ ਸਭੇ ਜੀਆ ਜਹਾਨ ਜਿਤਨੇ ਭੀ ਏਹ ਸਾਰੇ ਵਿਸਥਾਰੇ ਕਾਇਨਾਤ ਕਰਮਾਰੇ ਹਨ ਏਹਨਾਂ ਸਾਰਿਆਂ ਨੂੰ ਕਰਤਾ ਪੁਰਖ ਸਚਾ ਪਾਤਸ਼ਾਹ ਸ਼ਹਿਨਸ਼ਾਹ ਪਰਮੇਸ਼ਰ ਪਰਮਾਤਮਾ ਆਪਣੇ ਹੁਕਮ ਅੰਦਰਿ ਚਲਾਉਂਦਾ ਹੈ। ਸਭਨਾ ਉਪਰਿ ਉਸੇ ਦਾ ਹੁਕਮ ਹੈ। ਸਭ ਅਪਣੀ ਜ਼ੇਰੇ ਕਮਾਣ ਰਖਦਾ ਹੈ ਅਤੇ ਸਭਨਾ ਉਤੇ ਉਸ ਦੀ ਹੁਕਮ ਹੁਕਾਮੀ ਰਜ਼ਾ ਕਲਾਮੀ ਕਰਮਾਂ ਦੀ ਕਲਮ ਵਹੀ ਹੋਈ ਹੈ। ਸਭ ਉਸ ਦੀ ਕਲਮ ਹੇਠਾਂ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਉਹ ਸਦਾ ਸਚਾ ਅਕਾਲ ਪੁਰਖ ਹੈ। ਉਸਦਾ ਨਾਉਂ ਭੀ ਸਚਾ ਹੈ ਅਤੇ ਉਸਦਾ ਦੀਬਾਣੁ ਸਚ ਖੰਡੀ ਦਰਬਾਰੁ ਭੀ ਸੱਚਾ ਹੈ। ਜਿਥੇ ਸਦਾ ਹੀ ਸਚੁ ਨਿਆਉਂ ਨਿਬੜਦਾ ਹੈ ਅਤੇ ਸਭ ਦੇ ਕਰਮਾਂ ਦਾ ਲੇਖਾ ਨਿਬਿੜਿਆ ਜਾਂਦਾ ਹੈ। ਉਸਦੀ ਹੁਕਮ ਰਜ਼ਾ ਤੋਂ ਕੋਈ ਭੀ ਬਾਹਰਿ ਨਹੀਂ ਇਕ ਤਿਨਕਾ ਭੀ ਬਾਹਰਿ ਨਹੀਂ । ਉਸਦੇ ਹੁਕਮ ਬਿਨਾ ਪੱਤਾ ਨਹੀਂ ਹਿਲ ਸਕਦਾ। ਉਸਦੀ ਰਜ਼ਾ ਬਾਹਰਾ ਕਿਸੇ ਦਾ ਚਾਰਾ ਨਹੀਂ ਚਲ ਸਕਦਾ। ਹੁਕਮ ਰਜ਼ਾ ਦੀ ਖੇਡ ਅਗਲੇ ਗੁਰ ਪ੍ਰਮਾਣ ਵਿਚਿ ਏਦੂੰ ਭੀ ਅਧਿਭੁਤ ਦਰਸਾਈ ਗਈ ਹੈ :-

**ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ।।**
**ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ।।**
**ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ।।**
**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ।।**
**ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ।।**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ।।**
**ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ।।**

(ਸਾਰੰਗ ਕੀ ਵਾਰ ਪਉੜੀ ੧੩)(੧੨੪੩)

ਵਿਆਖਿਆ :- ਅਪਣਾ ਹੁਕਮੁ ਸਾਜ ਕੇ ਹੁਕਮੀ ਪਾਤਸ਼ਾਹ ਸਾਰੀ ਸ੍ਰਿਸ਼ਟੀ ਦੇ ਮਾਲਕ ਸ਼ਹਿਨਸ਼ਾਹ ਅਕਾਲ ਮੂਰਤਿ ਕਰਤੇ ਪੁਰਖ ਨੇ ਸਭਨਾ ਨੂੰ ਅਤੇ ਸਭ ਕੁਝ ਨੂੰ ਅਪਣੇ ਰਜ਼ਾਈ ਅੰਦਰਿ ਰਖਿਆ ਹੋਇਆ ਹੈ। ਜੀਵਾਂ ਦੇ ਕਰਮਾਂ ਅਨੁਸਾਰ ਅਪਣੀ ਹੁਕਮ ਰਜ਼ਾਈ ਨੇਤ ਅਨੁਸਾਰ ਜਿਤੁ ਜਿਤੁ ਚਾਹਿਆ ਹੈ ਤਿਤੁ ਤਿਤੁ ਜੀਵਾਂ ਨੂੰ ਲਾਇਆ ਹੈ, ਜਿਨਾਂ ਅਪਾਤਰਾਂ ਨੂੰ ਇਤਰ ਕਰਮਾਂ ਵਿਚਿ ਲਾਉਣਾ ਭਰਮਿ ਭੁਲਾਉਣਾ ਹੁੰਦਾ ਹੈ, ਤਿਨਾਂ ਖਰਤ ਗਿਆਨ ਦੇ ਘੁਮੰਡੀਆਂ ਬੇਦ ਪਾਠੀ ਹੋਣ ਦਾ ਅਭਿਮਾਨੀ ਬਣਾ ਦਿੰਦਾ ਅਤੇ ਉਨ੍ਹਾਂ ਘਣੇ ਅਗਿਆਨ ਦੇ ਗੇੜ ਵਿਚਿ ਹੀ ਘੁਮਾ ਦਿੰਦਾ ਹੈ। ਕਿਉਂਕਿ ਬੇਦਾਂ ਵਿਚਿ ਨਿਰੀਆਂ ਪਾਪ ਪੁੰਨ ਦੀਆਂ ਹੀ ਕਥਾ ਕਹਾਣੀਆਂ ਹਨ। ਹੋਰ ਉਹਨਾਂ ਵਿਚਿ ਕੁਛ ਨਹੀਂ ਧਰਿਆ ਪਿਆ। ਕਰਮ-ਹੀਣੇ ਕਰਮ ਅਭਿਮਾਨੀ ਅਗਿਆਨੀ ਬੇਦ ਦੀਆਂ ਕਥਾ ਕਹਾਣੀਆਂ ਵਿਚਿ ਹੀ ਉਲਝ ਜਾਂਦੇ ਹਨ।

ਅਸਲ ਏਹਨਾਂ ਫੋਕਟ ਕਥਾ ਕਹਾਣੀਆਂ ਦਾ ਰਿਵਾਜ ਬੇਦਾਂ ਨੇ ਹੀ ਆਣਿਆ ਹੈ। ਕਥਾ ਕਥੋਲੇ ਬੇਦ ਬਣੌਤਿਆਂ ਤੋਂ ਹੀ ਲਿਆਂਦਾ ਹੈ। ਬੇਦਾਂ ਦੀ ਇਸ ਪਾਪ ਪੁੰਨ ਬੀਚਾਰੀ ਕਥਾ ਵਿਚਿ ਉਰਝਿ ਕੇ ਓਹ ਅਧਵਾਟੇ ਹੀ ਰਹਿ ਜਾਂਦੇ

ਹਨ। ਪਰਮਾਰਥੀ ਅਧਿਆਤਮ ਗਿਆਨ ਦਾ ਉਥੇ (ਬੇਦਾਂ ਵਿਚਿ) ਮੁਸ਼ਕ ਭੀ ਨਹੀਂ। ਐਵੇਂ ਕਥੋਲੀਆਂ ਹੀ ਹਨ। ਦੇ ਦੇ ਲੈਣਾ ਤੇ ਲੈ ਲੈ ਦੇਣ ਦੇ ਪਾਪ ਪੁੰਨ ਦਾ ਹੀ ਰੇੜਕਾ ਬੇਦਾਂ ਦੀ ਬੀਚਾਰ ਕਥਾ ਵਿਚਿ ਪਿਆ ਰਹਿੰਦਾ ਹੈ। ਪਾਪੀ ਪੁੰਨੀ ਬਣ ਕੇ ਕੋਈ ਨਰਕ ਵਿਚਿ ਜਾ ਪੈਂਦਾ ਹੈ ਕੋਈ ਸੁਰਗ ਵਿਚਿ ਜਾ ਵੈਂਦਾ ਹੈ। ਫੇਰ ਥਲੇ ਜਾ ਡਿਗਦਾ ਹੈ। ਸਾਰਾ ਸੰਸਾਰ ਹੀ ਆਮ ਤੌਰ ਤੇ ਅਤੇ ਹਿੰਦਵੈਣ ਮਹਾਸ਼ਾ ਭੇਡਾਚਾਰ ਖਾਸ ਤੌਰ ਤੇ ਏਸੇ ਵਹਿਣ ਵਿਚਿ ਹੀ ਰੜ੍ਹਿਆ ਚਲਿਆ ਜਾ ਰਿਹਾ ਹੈ। ਉਤਮ, ਮਧਮ, ਊਚ ਨੀਚ ਜਾਤੀਆਂ ਜਿਨਸਾਂ ਦੇ ਭਰਮ ਭੇਦ ਵਿਚਿ ਫਸਿਆ ਹੋਇਆ ਚੁਰਾਸੀ ਦੇ ਗੇੜ ਵਿਚਿ ਭਟਕਦਾ ਫਿਰਦਾ ਹੈ। ਜੁਗਾਂ ਤੋਂ ਭਟਕਦਾ ਭਰਮਦਾ ਚਲਿਆ ਆਉਂਦਾ ਹੈ।

ਏਸ ਖਲਜਗਣ ਤੋਂ ਕਢਣ ਲਈ ਜੀਵਾਂ ਤੇ ਤਰਸ ਖਾ ਕੇ ਅਕਾਲ ਪੁਰਖ ਨੇ ਗੁਰੂ ਸਾਹਿਬਾਨ ਦੀ ਬਸੀਠਤਾ ਵਿਚਿ ਅੰਮ੍ਰਿਤ ਬਾਣੀ ਗੁਰੂ ਬਾਣੀ ਧੁਰੋਂ ਅਪਣੀ ਨਿਜ ਦਰਗਾਹੋਂ ਭੇਜੀ। ਇਹ ਗੁਰ ਬਾਣੀ ਨਿਰੀ ਖਾਲਸ ਤੱਤੇ ਤੱਤ ਵਖਾਣੀ ਅੰਮ੍ਰਿਤ ਬਾਣੀ ਹੈ ਜੋ ਕੇਵਲ ਗੁਰਮੁਖਾਂ ਦੇ ਗਿਆਨ ਧਿਆਨ ਵਿਚਿ ਆਉਣ ਗੋਚਰੀ ਹੈ। ਅਕਾਲ ਪੁਰਖ ਦੇ ਸਚੇ ਗਿਆਨ ਦੀ ਲਖਸ਼ਕ ਲਖਾਇਕ ਹੈ ਤਾਂ ਕੇਵਲ ਗੁਰ-ਬਾਣੀ ਹੀ ਹੈ। ਅਦ੍ਰਿਸਟ ਅਗੋਚਰ ਪਾਰਬ੍ਰਹਮ ਪਰਮੇਸਰ ਨਾਲ ਧਿਆਨ ਸਚਾ ਰਸ ਜੋਤਿ ਗਿਆਨ ਗਮਨੇਸ਼ਰੀ ਧਿਆਨ ਜੋੜਨ ਜੁੜਾਉਣਹਾਰੀ ਬਾਣੀ ਹੈ ਤਾਂ ਕੇਵਲ ਗੁਰ-ਬਾਣੀ ਹੀ ਹੈ। ਅੰਮ੍ਰਿਤ ਕਲਾ ਵ੍ਰਤਾ ਕੇ ਕਲਜੁਗੀ ਜੀਵਾਂ ਨੂੰ ਅਮਰ ਕਰਾਉਣਹਾਰੀ ਬਾਣੀ ਹੈ ਤਾਂ ਏਹੋ ਗੁਰ-ਬਾਣੀ ਹੈ। ਹਾਂ ਜੀ ਏਹ ਅੰਮ੍ਰਿਤ ਦ੍ਰਿਸਟੇ ਅੰਮ੍ਰਿਤ ਤੱਤ ਵੇਤੇ ਗੁਰਮੁਖਾਂ ਦੇ ਗਿਆਨ ਧਿਆਨ ਵਿਚਿ ਹੀ ਆਈ ਹੈ। ਗੁਰਮੁਖਾਂ ਦੇ ਮੁਖਾਂ ਤੋਂ ਹੀ ਆਖੀ ਭਾਖੀ ਸੋਭਦੀ ਹੈ। ਵਾਸਤਵ ਵਿਚਿ ਗੁਰਬਾਣੀ ਨੂੰ ਆਖਣ ਭਾਖਸ਼ ਉਚਾਰਨ ਦੀ ਸਹੀ ਸਮਝ ਗੁਰਮੁਖਾਂ ਗੁਰੂ ਵਰੋਸਾਏ ਗੁਰੂ ਘਰ ਦੇ ਗੁਰਬਾਣੀ ਦੇ ਭਗਤ ਜਨਾਂ ਨੂੰ ਹੀ ਆਈ ਹੈ। ਇਸ ਅੰਮ੍ਰਿਤ ਰੂਪ ਬਾਣੀ ਵਿਚਿ ਪਾਰਸ ਰਸਾਇਣੀ ਅੰਮ੍ਰਿਤ ਕਲਾ ਹੈ। ਇਸ ਦੇ ਉਚਾਰਨ ਮੰਤਰ ਵਿਚਿ ਹੀ ਮਹਾਂ ਅਨੰਦ ਹੈ, ਅਦੁਤੀ ਅਨੰਦ ਹੈ, ਅਸਚਰਜ ਅਨੰਦ ਹੈ ਚੋਜ ਬਿਨੋਦੀ ਅਨੰਦ ਹੈ। ਇਸ ਅੰਮ੍ਰਿਤ ਬਾਣੀ ਦੀ ਕਥਾ ਕਰਨ ਦੀ ਲੋੜ ਨਹੀਂ। ਇਹ ਅਪਣੇ ਨਿਜ ਸਰੂਪ ਵਿਚਿ ਕਥਾ ਰੂਪ ਹੈ। ਅੰਮ੍ਰਿਤ ਕਥਾ ਅਨੂਪਮ ਸਰੂਪ ਗੁਰਬਾਣੀ ਦਾ ਕਉਣ ਕਥਨ ਕਰ ਸਕਦਾ ਹੈ। ਧੁਰ ਕੀ ਬਾਣੀ ਨੂੰ ਧੁਰੋਂ ਆਏ ਸਤਿਗੁਰੂ ਹੀ ਸਮਝਣ ਦੇ ਸਮਰਥ ਹਨ। ਯਾ ਧੁਰ ਪੁਜੇ ਗੁਰਮੁਖ ਜਨ ਗੁਰ ਘਰ ਕੇ ਸੁਰਤ ਗਿਆਨੇ ਤੱਤ ਵਖਾਨੇ ਗੁਰਮੁਖ ਗਿਆਨੇ ਗੁਰਬਾਣੀ ਦੀ ਸੁਰਤਿ ਕਲਾ ਦਾ ਆਨੰਦ ਮਾਣ ਸਕਦੇ ਹਨ। ਇਸ ਸੁਰਤਿ ਕਰਮ ਦੇ ਧਿਆਨ ਨਾਲਿ ਧੁਰੋਂ ਧਰਾਏ ਧਿਆਨ ਨਾਲਿ ਗੁਰਬਾਣੀ ਨੂੰ ਧਿਆਨ ਵਿਚਿ ਧਿਆਉਂਦੇ ਹਨ। ਹਾਂ ਜੀ "ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ" ਵਾਲੀ ਪੰਗਤੀ ਦੀ ਵਿਆਖਿਆ ਹੋਣੀ ਹੀ ਅਤੀ ਕਠਣ ਹੈ। ਜਿਸ ਦਰਜੇ ਦੇ ਉਚੇਰੇ ਮਾਅਨੇ ਤੋਂ ਗਿਆਨ ਧਿਆਨ ਵਿਚਿ ਇਹ ਗੁਰਬਾਣੀ ਆਈ ਹੈ ਉਸੇ ਦਰਜੇ ਦੇ ਸੁਰਤ ਕਰਮ ਧਿਆਨ ਵਿਚਿ ਇਹ ਧਿਆਈ ਸੁਰਤਨਾਈ ਜਾ ਸਕਦੀ ਹੈ। ਸੁਰਤਿ ਕਰਮੀਸਰਾਂ ਕਰਮ ਧਿਆਨੀਸਰਾਂ ਗੁਰਮੁਖ ਜਨਾਂ ਦੇ ਕਮਾਉਣ ਜੋਗ ਧਿਆਉਣ ਜੋਗ ਹੀ ਇਹ ਅੰਮ੍ਰਿਤ ਬਾਣੀ ਹੈ। ਆਨ ਮਤੀਆਂ ਬੇਦ ਕਥੱਤੀਆਂ ਦੀ ਰੀਸੇ ਗੁਰਬਾਣੀ ਦੀ ਕਥਾ ਕਰਨੀ ਮਹਾਂ ਮਨਮਤ ਹੈ। ਇਹ ਆਪ ਹੀ ਅਕਥ ਕਥਾ ਰੂਪ ਹੈ। ਇਸ ਦੀ ਕਥਾ ਅਕੱਥ ਹੈ। ਕੋਈ ਕਥ ਨਹੀਂ ਸਕਦਾ। ਇਸ ਦਾ ਮੁੜਿ ਉਚਾਰਨਾ ਅਖੰਡ ਉਚਾਰਤਾ ਵਿਚਿ ਉਚਾਰੀ ਜਾਣਾ ਇਸ ਗੁਰਬਾਣੀ ਦਾ ਪਾਠ ਮਾਤਰ ਹੀ ਕਲਿਆਣ ਕਾਰੀ ਹੈ। ਇਸ ਬਾਣੀ ਅੰਦਰ ਪਾਰਸ ਕਲਾ ਭਰਪੂਰ ਹੈ। ਇਸ ਨੂੰ ਜੋ ਕੋਈ ਆਖਦਾ ਭਾਖਦਾ ਪਠਾਕਦਾ ਹੈ ਓਸ ਦੇ ਮੁਖ ਵਿਚਿ ਅੰਮ੍ਰਿਤ ਪੈਂਦਾ ਹੈ। ਇਸ ਅੰਮ੍ਰਿਤ ਨੂੰ ਛਡ ਕੇ ਜੋ ਅਗਿਆਨੀ ਗਿਆਨੜੇ ਗੁਰਬਾਣੀ ਨੂੰ ਅਰਥਾਉਂਦੇ ਹੋਏ ਅਪਣੀਆਂ ਮਨ ਉਕਤ ਕਥੋਲੀਆਂ ਪਾਉਂਦੇ ਹਨ ਓਹ ਅੰਮ੍ਰਿਤ ਵਿਚਿ ਨੀਰ ਰਲਾਉਂਦੇ ਹਨ। ਨੀਰ ਰਿੜਕਦੇ ਰਿੜਕਾਉਂਦੇ ਹਨ। ਅਲਪਗ ਬੁਧ ਮਤੀਆ ਅਰਥ ਕਰ ਕੇ ਨੀਰ ਹੀ ਵਿਲੋਂਦੇ ਹਨ। ਸਰਬਗ ਸਰੂਪ ਬਾਣੀ ਦੇ ਅਰਥਾਂ ਦੇ ਪਰਛਾਂਵੇ ਨੂੰ ਭੀ ਪੁਜ ਨਹੀਂ ਸਕਦੇ। ਅਰਥ ਤਾਂ ਓਹਨਾਂ ਨੇ ਕੀ ਕਰਨਾ ਸੀ। ਇਸ ਤਰਾਂ ਦੀ ਕਥਾ ਦੀ ਪਰਪਾਟੀ ਬਹੁਤ ਹੀ ਬੁਰੀ ਪਰਪਾਟੀ ਹੈ। ਸੁਖ ! ਇਸ ਅਭਿਪਰੇ ਪ੍ਰਥਾਇ ਇਕ ਵਖਰੀ ਪੁਸਤਕ ਦੀ ਲੋੜ ਹੈ। ਏਥੇ ਟੂਕ ਮਾਤਰ ਦੇਣਾ ਹੀ ਬਥੇਰਾ ਹੈ।

ਹੁਣ ਅਸਲ ਪਰਕਰਣ ਵਲ ਆਉਂਦੇ ਹਾਂ। ਹਾਂ ਜੀ ! ਤੱਤ ਵਖਾਣੀ ਗੁਰਬਾਣੀ ਗੁਰਮੁਖਾਂ ਤੋਂ "ਸੁਰਤੀ ਕਰਮਿ" ਹੀ ਧਿਆਈ ਜਾਂਦੀ ਹੈ। ਧੇਯ ਵਾਹਿਗੁਰੂ ਦਾ ਧਿਆਨ ਗੁਰਬਾਣੀ ਦੀ ਸੁਰਤਿ ਕਰਮੀ ਅਭਿਆਸ ਕਮਾਈ ਦੁਆਰਾ ਹੀ ਜਮਾਇਆ ਜਾ ਸਕਦਾ ਹੈ। ਇਹ ਸੁਰਤਿ ਕਰਮੀ ਧਿਆਨ ਸੁਰਤੇ ਦੀ ਸੁਰਤ ਉਪਰ ਹੀ ਮੁਨਹਸਰ ਹੈ। ਯਾ ਕਰਤੇ ਬਿਧਾਤੇ ਗੁਰੂ ਕਰਤਾਰ ਦੀ ਬਖਸ਼ਿਸ਼ ਸੁਰਤ ਕਰਮਨ



www.AKJ.Org

ਬਖਸ਼ਿਸ਼ ਦੇ ਸਦਕੇ ਚੁਣ ਕਢੇ ਲਧੋਵਾਰਿਆਂ ਗੁਰਮੁਖਾਂ ਉਪਰਿ ਹੀ ਰਜ਼ਾਇਤ ਹੁੰਦਾ ਹੈ। ਹਾਂ ਜੀ ! ਹੁਕਮ ਰਜ਼ਾ ਦੀ ਖੇਡ ਜੋ ਹੋਈ। ਕਿਉਂਕਿ ਉਹ ਹੁਕਮੀ ਪਾਤਸ਼ਾਹ "ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ" ਗੁਰਵਾਕ ਪੰਗਤੀ ਦੇ ਭਾਵ ਅਨੁਸਾਰ ਅਪਣਾ ਹੁਕਮ ਸਾਜ ਕੇ ਅਪਣੇ ਹੁਕਮ ਦਾ ਇਲਾਹੀ ਸਿੱਕਾ ਸਾਜ ਕੇ ਹੁਕਮ ਦਾ ਸੱਚਾ ਧੁਰਵਾ ਬੰਨ੍ਹ ਕੇ ਸਭ ਕਿਸੇ ਨੂੰ ਇਸ ਹੁਕਮ ਅਨੁਸਾਰ ਹੀ ਦਿੰਦਾ ਹੈ। ਇਸ ਹੁਕਮ ਨਦਰਿਸਟੀ ਦਾਇਰੇ ਤੋਂ ਬਾਹਰ ਕਿਸੇ ਨੂੰ ਨਹੀਂ ਹੋਣ ਦਿੰਦਾ। ਇਸ ਹੁਕਮ ਰਜ਼ਾ ਅੰਦਰਿ ਸੋਈ ਆਉਂਦਾ ਹੈ, ਸੋਈ ਸਫਲਾਉਂਦਾ ਸੁਫਲੁ ਫਲਾਉਂਦਾ ਹੈ ਜਿਸ ਦੀ ਨਾਮ ਅਭਿਆਸ ਦੀ ਸਫਲ ਕਮਾਈ ਦੇ ਤੁਫੈਲ ਹਉਮੈ ਟੁੱਟ ਜਾਂਦੀ ਹੈ। ਤਾਂ ਉਹ ਹੁਕਮ ਰਜ਼ਾ ਦੇ ਸੁਲੇਖੇ ਵਿਚ ਆਉਂਦਾ ਹੈ। ਹੁਕਮ ਰਜ਼ਾ ਦੀ ਖੇਡ ਦਾ ਐਸਾ ਤਿਲਸਮੀ ਚਮਤਕਾਰ ਹੈ।

ਇਹ ਹੁਕਮ ਰਜਾਈ ਕਰਮ ਕਰਮਾਈ ਗੁਰਬਾਣੀ ਹੁਕਮ ਰਜ਼ਾ ਅੰਦਰਿ ਹੀ ਆਈ ਧੁਰੋਂ ਆਈ ਹੈ। ਗੁਰ ਸਿਖਾਂ ਲਈ ਖਾਸ ਕਰਿ ਅਤੇ ਕਲਜੁਗੀ ਜੀਵਾਂ ਲਈ ਆਮ ਕਰ ਕੇ ਇਹ ਗੁਰਬਾਣੀ ਰੂਪੀ ਸਚੜਾ ਬੇਦ ਧੁਰੋਂ ਉਤਰਿਆ ਹੈ। ਇਸ ਸਚੜੇ ਵੇਦ ਦੇ ਮੁਕਾਬਲੇ ਤੇ ਹੋਰ ਕੋਈ ਬੇਦ ਨਹੀਂ। ਪਰਮੇਸਰੀ ਸਚੜਾ ਗਿਆਨ ਪਰਕਾਸ਼ਨਹਾਰਾ ਅਸਲੀ ਬੇਦ ਇਹ ਗੁਰਬਾਣੀ ਹੀ ਹੈ। ਹੋਰ ਸਭ ਨਕਲੀ ਬੇਦ ਹਨ। 'ਸਭਿ ਨਾਦ ਬੇਦ ਗੁਰਬਾਣੀ।। ਮਨੁ ਰਾਤਾ ਸਾਰਿਗ ਪਾਣੀ।।" ਦੂਜੇ ਬੇਦ ਤਾਂ ਬਸ ਸੰਸਾਰ ਦੀ ਕਾਰ ਜੋਗੇ ਹੀ ਹਨ ਜੈਸਾ ਕਿ ਗੁਰਵਾਕ ਹੈ :-

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ।।
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ।।
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ।।
ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ।।
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ।।
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ।।੨।।੧੯।।

(ਸਾਰੰਗ ਕੀ ਵਾਰ ਮਹਲਾ ੪)(੧੨੪੩)

ਨਾਮ ਰਾਸ ਵਾਲਾ ਬੇਦ ਵਾਪਾਰੀ ਗੁਰਮੁਖ ਜਨ ਕੋਈ ਵਿਰਲਾ ਹੀ ਪੈਦਾ ਹੁੰਦਾ ਹੈ। ਅਤੇ ਹੁਕਮ ਰਜਾਈ ਕਰਮੀ ਹੀ ਉਸ ਵੇਦ ਵਾਪਾਰੀ ਨੂੰ ਨਾਮ ਦੀ ਰਾਸ ਪੱਲੇ ਪੈਂਦੀ ਹੈ। ਤੇ ਸਦਾ ਪੱਲੇ ਰਹਿੰਦੀ ਹੈ। ਕਲਜੁਗ ਅੰਦਰਿ ਸਤਿਗੁਰ ਨਾਨਕ ਦਾਸ ਗੁਰੂ ਪਾਤਸ਼ਾਹੀਆਂ ਨੇ ਸੱਚਾ ਵੇਦ ਨਾਮ ਰਸ ਭਰਪੂਰ ਲੀਣਾ ਬੇਦ ਬਾਣੀ ਦਾ ਬੋਹਿਥ ਸਿਰੀ ਗੁਰੂ ਗ੍ਰੰਥ ਸਾਹਿਬ ਜੁਗਾਂ ਜੁਗਾਂਤਰੀ ਜੀਵਾਂ ਦੇ ਨਿਸਤਾਰ ਲਈ ਪਰਗਟ ਕੀਤਾ। ਜੋ ਗੁਰਮੁਖ ਜਨ ਇਸ ਸੱਚੇ ਵੇਦ ਦੇ ਅਧਿਕਾਰੀ ਅਤੇ ਅਨੁਸਾਰੀ ਹੁੰਦੇ ਹਨ ਤੇ ਉਸ ਦੀ ਰਜ਼ਾ ਹੁਕਮ ਅੰਦਰਿ ਹੀ ਹੁੰਦੇ ਹਨ। ਓਹਨਾਂ ਨੂੰ ਹੀ ਕਰਮੀ ਨਾਮ ਦੀ ਸੱਚੀ ਰਾਸ ਪੂੰਜੀ ਪ੍ਰਾਪਤਿ ਹੁੰਦੀ ਹੈ। ਨਹੀਂ ਤਾਂ ਜੇਹੜੇ ਏਹ ਚਾਰੇ ਬੇਦ ਹਿੰਦੂ ਮਤ ਦੇ ਹਨ ਏਹ ਤਾਂ ਪਰਮਾਰਥੀ ਗੁਣਾਂ ਤੋਂ ਉੱਕੇ ਹੀ ਸਖਣੇ ਤੇ ਸੂਨ ਹਨ। ਏਹਨਾਂ ਦੇ ਪੜ੍ਹਿਆਂ ਗੁਣਿਆਂ ਕਿਸੇ ਦੀ ਮੁਕਤਿ ਕਲਿਆਣ ਨਹੀਂ ਹੋ ਸਕਦੀ।

"ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆ ਮੁਕਤਿ ਨ ਹੋਈ।।"(੭੪੭)

ਬੇਦਾਂ ਅੰਦਰਿ ਤਾਂ ਬਹੁਤਾ ਜ਼ੋਰ ਜੋ ਦਿਤਾ ਹੈ ਤਾਂ ਪੁੰਨ ਪਾਪ ਦੀ ਪੁਕਾਰ ਕਰਨ ਤੇ ਦਿਤਾ ਹੈ। ਇਹ ਪੁੰਨ ਪਾਪ ਸੁਰਗ ਨਰਕ ਦਾ ਬੀਉ ਹਨ। ਭਾਵ ਪੁੰਨ ਕੀਤੇ ਸੁਰਗ ਬਾਂਛਣ ਦਾ ਬੀਜ ਬੋਵੰਦੇ ਹਨ ਅਤੇ ਪਾਪ ਕੀਤੇ ਨਰਕ ਦਾ ਬੀਜ ਬੋਂਦੇ ਹਨ । ਬਸ ਬੇਦ ਏਹੋ ਕੁਛ ਪਾਪ ਪੁੰਨ ਦੇ ਝੇੜਿਆਂ ਵਿਚਿ ਹੀ ਖਤਮ ਹੈ। ਜੋ ਬੀਜਿਆ ਜਾਂਦਾ ਹੈ ਤੈਸਾ ਹੀ ਤਿਸ ਦਾ ਫਲ ਉਗਵਦਾ ਹੈ। ਫਲ ਨੂੰ ਖਾਣਹਾਰੇ ਜੀਵ ਆਤਮਾ ਨੂੰ ਇਸ ਦਾ ਭੋਗ ਅਗਾਹਾਂ ਨਰਕਾਂ ਸੁਰਗਾਂ ਵਿਚਿ ਭੋਗਣਾ ਪੈਂਦਾ ਹੈ। ਬਸ ਏਤਨਾਂ ਹੀ ਬੇਦ ਪੜ੍ਹੇ ਦਾ ਗੁਣ ਸਮਝ ਲਵੋ। ਦੂਜੇ ਪਾਸੇ ਸਤਿਗੁਰੂ ਨਾਨਕ ਦੇਵ ਸਚੇ ਗੁਰੂ ਪਾਤਸ਼ਾਹ ਨੇ ਸੱਚੇ ਗਿਆਨ ਦਾ ਤੱਤ ਸਾਰ ਰੂਪੀ ਬੇਦ ਗੁਰਬਾਣੀ ਗੁਰਮਤਿ ਨਾਮ ਦਾ ਜੋ ਇਸ ਕਲੀ ਕਾਲ ਵਿਖੇ ਪਰਗਟ ਕੀਤਾ ਹੈ ਇਸ ਗਿਆਨ ਨੂੰ ਸਿਫਤਿ ਸਾਲਾਹ ਵਿਚਿ ਲਿਆਵੇ ਵਡਿਆਵੇ ਸਾਲਾਹਵੇ। ਇਸ ਸਿਫਤਿ ਸਾਲਾਹ ਰੂਪੀ ਗਿਆਨ ਦੀ ਰਾਸ ਰਾਹਿਆਂ ਸੱਚਾ ਨਾਮ ਹੀ ਬੀਜੀਦਾ ਹੈ ਅਤੇ ਫਲ ਭੀ ਇਸ ਬੀਜੀ ਰਾਸ ਦਾ ਜੋਤਿ ਪਰਕਾਸ਼ ਮਈ ਨਾਮੁ ਹੀ ਹੁੰਦਾ ਹੈ। ਜੋ ਨਾਮ ਜੋਤੀਸ਼ ਨਾਮੀ ਵਾਹਿਗੁਰੂ ਦੇ ਸਰੂਪ ਵਿਚਿ ਸਮਾਈ ਕਰਾ ਕੇ ਹੀ ਫਲੀ ਭੂਤ ਹੁੰਦਾ ਹੈ।

"ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ।।
ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ।।"

ਦਰਗਹ ਅੰਦਰਿ ਸਦੀਵੀ ਥਾਉਂ ਪਾਉਣ ਦਾ ਹਰਿ ਦਰਗਹ ਪਰਵਾਣ ਪੈਣ ਦਾ ਸਦਾ ਲਈ ਕਬੂਲ ਹੋਣ ਦਾ ਇਹੀ ਇਕੋ ਇਕ ਜ਼ਰੀਆ ਹੈ। ਐਸੀ ਸਚੜੀ ਗਿਆਨ ਰਾਸ ਕਰਮੀ ਹੀ ਨਸੀਬਤ ਹੁੰਦੀ ਹੈ। ਪਰ ਹੁੰਦੀ ਹੈ ਸਚੜੇ ਬੇਦ ਵਾਪਾਰੀਆਂ ਹਰਿ ਕੇ ਨਾਮ ਦੇ ਵਾਪਾਰੀਆਂ ਨੂੰ । "ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ।।" ਇਸ ਸਚੀ ਰਾਸੀ ਦੇ ਸਚੜੇ ਵਾਪਾਰੀਆਂ ਨਾਮ ਦੇ ਬਿਉਹਾਰੀਆਂ ਬਿਨਾਂ ਇਸ ਨਾਮ ਦੀ ਰਾਸ ਨੂੰ ਹੋਰ ਕੋਈ ਨਹੀਂ ਲਦ ਲੈ



www.AKJ.Org

ਚਲਿਆ। ਇਸ ਰਾਸੀ ਬਾਹਰੀ ਜੇ ਕਿਸੇ ਨੇ ਲੱਦ ਲਦੀ ਹੈ ਤਾਂ ਬਿਖ ਦੀ ਲਦ ਹੀ ਲੱਦੀ ਹੈ। ਨਾਮ ਰੂਪੀ ਧਨ ਦੀ ਰਾਸਿ ਕਿਸੇ ਵਿਰਲੇ ਗੁਰਮੁਖ ਜਨ ਨੇ ਹੀ ਲੱਦੀ ਹੈ ਉਸੇ ਦੀ ਹੀ ਖੇਪ ਨਿਭੀ ਹੈ ਗੁਰਪ੍ਰਸਾਦ ਕਰਿ, ਰਜ਼ਾਈ ਦੀ ਰਜ਼ਾ ਕਰਿ।" ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ।।"

ਜੋ ਲੋਗ ਲੋਭ ਮੋਹ ਦੇ ਬੰਨ੍ਹੇ ਹੋਏ ਹਉਮੈ ਕਰਮ ਕਮਾਉਂਦੇ ਹਨ, ਹਉਮੈ ਦੇ ਅਧੀਨ ਹੋ ਕੇ ਕਰਮ ਕਮਾਉਂਦੇ ਹਨ ਓਹਨਾਂ ਨੂੰ ਕਰਮ ਬਿਧਾਤੇ ਵਲੋਂ ਏਹੋ ਕਰਮ ਫਲ ਮਿਲਦਾ ਹੈ ਕਿ ਓਹ ਚੁਰਾਸੀ ਦੇ ਗੇੜ ਵਿਚਿ ਜਾਇ ਪੈਂਦੇ ਹਨ। ਜਿਥੋਂ ਓਹਨਾਂ ਦੇ ਆਵਣ ਜਾਵਣ ਦੀ ਫੇਰੀ ਕਦੇ ਨਹੀਂ ਚੁਕਦੀ। ਓਹ ਮੁੜਿ ਮੁੜਿ ਫੇਰੀ ਵਿਚਿ ਪੈਣ ਵਾਲੇ ਹੀ ਹਉਮੈ ਕਰਮ ਕਮਾਉਂਦੇ ਹਨ। ਏਹ ਕਰਮ ਓਹ ਰੱਬੀ ਹੁਕਮ ਰਜਾਣੀ ਪ੍ਰੇਰਨਾ ਦੁਆਰਾ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਣ ਹਿਤ ਕਰਦੇ ਹਨ। ਜਿਉਂ ਸਜਾਵੀ ਜਜ਼ਵੀ (ਸਜ਼ਾ ਤੇ ਮਾੜੇ ਕਰਮਾਂ ਦੇ ਫਲ ਸਰੂਪ) ਕਰਮ ਵਧਦੇ ਜਾਂਦੇ ਹਨ ਤਿਉਂ ਓਹਨਾਂ ਦੀ ਹਉਮੈ ਹੋਰ ਵਧਦੀ ਜਾਂਦੀ ਹੈ। ਵਧਦੀ ਹਉਮੈ ਦੇ ਅਧੀਨ ਹੀ ਓਹ ਚੁਰਾਸੀ ਦੇ ਗੇੜ ਵਿਚਿ ਪੈਣ ਵਾਲੇ ਕਰਮ ਹੋਰ ਵਧੇਰੇ ਕਰਦੇ ਹਨ। ਪਰਾਰਬਧੀ ਰਜ਼ਾ ਰਜ਼ਵੀ (ਮਰਜ਼ੀ ਦੇ ਮਾਲਕ) ਦੀ ਕਰਾਉਂਦੀ ਹੈ। ਸਜ਼ਾ ਜਜ਼ਾ ਜਜ਼ਵਾਉਂਦੀ ਸਜ਼ਵਾਉਂਦੀ ਹੈ। ਏਹ ਜਜ਼ਾ ਜਜ਼ਵਣੀ ਸਜ਼ਾ ਸਜ਼ਵਣੀ ਕਰਮ ਹੁਕਮ ਰਜਾਣੀ ਦੀ ਹੁਕਮ ਰਜ਼ਾ ਅੰਦਰਿ ਹੀ ਕੀਤੇ ਜਾਂਦੇ ਹਨ। ਸਜ਼ਾ ਜਜ਼ਾ ਭੁਗਤਣਹਾਰਿਆਂ ਤੋਂ, ਆਪਿ ਕਰਤਾ ਓਹਨਾਂ ਤੋਂ ਕਰਾਉਂਦਾ ਹੈ। ਇਸ ਕਰਮ ਕਰਾਵਣ ਵਿਚਿ ਕਰਤੇ ਨੂੰ ਜੋ ਗਲ ਸੁਖਾਉਂਦੀ ਚੰਗਿਆਉਂਦੀ ਹੈ, ਸਾਈ ਗਲ ਚੰਗੇਰੀ ਹੈ। ਯਥਾ ਗੁਰਵਾਕ :-

ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ।।ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ।।(੧੨੫੧)

(ਸਾਰੰਗ ਕੀ ਵਾਰ ਮਹਲਾ ੪)

ਪ੍ਰਭੂ ਕਰਤੇ ਪੁਰਖ ਦੇ ਜਿਤਨੇ ਭੀ ਜੀਅ ਜੰਤ ਕੀਤੇ ਹੋਏ ਹਨ ਸਭਨਾ ਦੇ ਸਿਰਿ ਕਿਸੇ ਨ ਕਿਸੇ ਕਰਮ ਦੀ ਕਾਰ ਕਰਨੀ ਲਿਖੀ ਹੋਈ ਹੁੰਦੀ ਹੈ। ਓਹ ਇਹ ਕਰਮ ਕਾਰ ਲਿਖਾ ਕੇ ਹੀ ਆਉਂਦੇ ਹਨ। ਅਪਣੇ ਸਰ ਮਸਤਕ ਪੇਸ਼ਾਨੀ ਤੇ ਧੁਰੋਂ ਲਿਖਾ ਕੇ ਆਉਂਦੇ ਹਨ। ਹਰਿ ਜਨਾਂ ਦੇ ਲਿਖਤ ਰਜ਼ਾਈ ਕਰਮ ਦਾ ਇਹ ਵਾਧਾ ਹੁੰਦਾ ਹੈ ਕਿ ਓਹਨਾਂ ਨੂੰ (ਹਰਿ ਜਨਾਂ ਨੂੰ) ਵਾਹਿਗੁਰੂ-ਇਹ ਵਡਾਈ ਬਖਸ਼ਦਾ ਹੈ ਕਿ ਤਿਨਾ ਨੂੰ ਹਰਿ ਕਾਰੈ ਲਾ ਦਿੰਦਾ ਹੈ। ਨਾਮ ਜਪਣ ਦੀ ਸਚੜੀ ਕਾਰ ਵਿਚਿ ਲਾ ਦਿੰਦਾ ਹੈ। ਸਤਿਗੁਰੂ ਦੇ ਚਰਨੀ ਜਾ ਪੈਂਦੇ ਹਨ। ਫੇਰ ਗੁਰੂ ਦੁਆਰਿਓਂ ਓਹਨਾਂ ਨੂੰ ਨਾਮ ਮਿਲਦਾ ਹੈ। ਗੁਰ ਪਰਸਾਦਿ ਕਰਿ ਪੰਜਾਂ ਪਿਆਰਿਆਂ ਦੀ ਦਿਤੀ ਨਾਮ ਗੁੜ੍ਹਤੀ ਫਲੀਭੂਤ ਹੋ ਜਾਂਦੀ ਹੈ। ਨਾਮ ਅਭਿਆਸ ਦ੍ਰਿੜ ਹੋ ਜਾਂਦਾ ਹੈ। ਇਸ ਦ੍ਰਿੜਤਾ ਦੇ ਸਹਾਰੇ ਨਾਮ ਜਪਦਾ ਜਪਦਾ ਹਰਿ ਜਨ ਸੰਸਾਰ ਭਵਜਲ ਤੋਂ ਪਾਰ ਲੰਘ ਜਾਂਦਾ ਹੈ। ਯਥਾ ਗੁਰਵਾਕ :-

ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ।। ਹਰਿ ਜਨ ਕਉ ਹਰਿ ਦੀਨ੍ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ।।ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ।। ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ ਹਰਿ ਭਉ ਜਲੁ ਜਗਤੁ ਤਰਾਵੈ।।੧।। ਰਹਾਉ।। (੧੨੬੩)

ਸਤਿਗੁਰੂ ਸਚਾ ਪਾਤਸ਼ਾਹ ਗੁਰੂ ਨਾਨਕ ਅਪਣਿਆਂ ਦਸਾਂ ਜਾਮਿਆਂ ਵਿਚਿ ਸਾਰੇ ਜਗਤ ਨੂੰ ਭਵਜਲੋਂ ਤਰਾਉਣ ਪਾਰ-ਲੰਘਾਉਣ ਲਈ ਹੀ ਆਇਆ ਹੈ। ਅਤੇ ਏਸੇ ਕਾਰਨ ਜਗਤ ਨੂੰ ਭਵਜਲੋਂ ਤਾਰਨ ਦੇ ਕਾਰਨ ਹੀ ਸਿਰੀ ਗੁਰੂ ਗ੍ਰੰਥ ਸਾਹਿਬ ਦੇ ਜੁਗ ਜੁਗ ਸਦਾ ਸਦ ਅਟੱਲ ਗੁਰੂ ਥਾਪੇ ਜਾਣ ਦਾ ਧੁਰਵਾ ਬੰਨ੍ਹਿਆ ਹੈ। ਜਿਉਂ ਜਿਉਂ ਹੁਕਮ ਰਜ਼ਾਈ ਪਾਤਸ਼ਾਹ ਦੀ ਹੁਕਮ ਰਜ਼ਾ ਜਿਸ ਜਿਸ ਉਤੇ ਹੁੰਦੀ ਹੈ ਤਿਉਂ ਤਿਉਂ ਤਿਸ ਤਿਸ ਦਾ ਨਿਸਤਾਰਾ ਬਾਰੋ ਬਾਰ ਹੁੰਦਾ ਹੈ। ਕਰਮਾ ਅਨੁਸਾਰ ਜਿਉਂ ਜਿਉਂ ਵਾਰੀ ਆਉਂਦੀ ਹੈ। ਤਿਉਂ ਤਿਉਂ ਹੁਕਮ ਰਜ਼ਾਈ ਦੀ ਰਜ਼ਾ ਅੰਦਰਿ ਨਿਸਤਾਰਾ ਹੋਣ ਵਿਚਿ ਬਿਲਮ ਨਹੀਂ ਲਗਦੀ। (ਚਲਦਾ)

(ਪੰਨਾ ੨੮ ਦਾ ਬਾਕੀ ...)

ਕੇਸ ਰੱਖ ਲਏ। 'ਸਿੰਘ' ਲਫਜ਼ ਨਾਲ ਸਿੱਖ ਦੇ ਕੇਸ ਪੂਰੀ ਤਰ੍ਹਾਂ ਜੁੜੇ ਹੋਏ ਹਨ। ਗੁੰਮਰਾਹ ਹੋਏ ਕੁਝ ਸਿੱਖ, 'ਸਿੰਘ' ਲਫਜ਼ ਨਾਲੋਂ ਜ਼ਾਤ-ਗੋਤ ਨੂੰ ਤਰਜੀਹ ਦੇ ਰਹੇ ਹਨ, ਜੋ ਕਿ ਸਿੱਖੀ ਸਿਧਾਂਤਾ ਦੇ ਉਲਟ ਹੈ।

ਕੇਸਾਧਾਰੀ ਕੌਮ ਦੇ ਵਾਰਸੋ ! ਕੇਸਾਂ ਦੀ ਸੰਭਾਲ ਦਾ ਸੱਜਰਾ ਅਹਿਸਾਸ ਕੇਵਲ ਬਾਹਰਮੁਖੀ ਨਹੀਂ ਹੈ। ਪਤਿਤਪੁਣੇ ਦੇ ਮਸਲੇ ਦਾ ਮੂਲ ਕਾਰਣ ਹੀ ਇਹ ਹੈ ਕਿ ਹਿਰਦਿਆਂ ਵਿਚੋਂ ਗੁਰੂ ਪ੍ਰੇਮ ਦੀ ਲਿਵਤਾਰ ਟੁੱਟੀ ਹੋਈ ਹੈ। ਇਸ ਲਈ ਵਰਤਮਾਨ ਨੂੰ ਪਿਛੋਕੜ ਦੇ ਅਧੀਨ ਕਰਕੇ ਸੰਵਾਰਨ ਦੀ ਲੋੜ ਹੈ। ਪਤਿਤਪੁਣੇ ਦੀ ਆਤਮਕ-ਮਾਨਸਕ ਹੀਣਤਾ ਤੋਂ ਖੁਆਰ ਹੋਏ ਲੋਕਾਂ ਨੂੰ ਪਿਆਰ ਕਲਾਵੇ 'ਚ ਲੈ ਕੇ ਗੁਰੂ ਦੀ ਮਿੱਠੀ ਗੋਦ ਦਾ ਸੁਖ-ਅਹਿਸਾਸ ਪਹੁੰਚਾਉਣ ਦੀ ਤਿਆਰੀ ਦਾ ਵੇਲਾ ਆ ਗਿਆ ਹੈ।



www.AKJ.Org

# "ਨਿਮਾਣੇ ਨੂੰ ਮਾਣ ਬਖਸ਼ ਦੇ"

(ਸੁਰਜੀਤ ਸਿੰਘ 'ਸਾਜਨ')

ਚਕਾ ਚੌਂਧ ਕਰ ਗਈ ਤੇਰੀ ਕਲਗੀ ਦੀ ਅਣੀਆਂ ਦੀ ਚਮਕ
ਫਿੱਕੀ ਪੈਂਦੀ ਦੇਖੀ ਹੈ, ਇਨ੍ਹਾਂ ਨੈਣਾਂ ਨੇ, ਸੂਰਜ ਦੀ ਦਮਕ।
ਮੋਹ ਗਏ ਨੇ ਇਸ ਮਨ ਨੂੰ, ਤੇਰੀ ਦਸਤਾਰ ਦੇ ਪੇਚ,
ਘਾਇਲ ਕਰ ਗਏ ਤੇਰੇ ਨੈਣ, ਹਾਰੀ ਹੈ ਵੇਕਾਰਾਂ ਦੀ ਕੁਮਕ।
ਕੁਝ ਹਰਫ ਸੋਚਿਆ ਸੀ, ਤੇਰੀ ਸਿਫਤ ਵਿੱਚ ਲਿਖਾਂਗਾ ਮੈਂ,
ਦੇਖਦਾ ਹੀ ਰਹਿ ਗਿਆ, ਤੇਰੇ ਰੁਖਸਾਰ ਨੂੰ, ਝਮਕੀ ਨਹੀ ਪਲਕ।
ਤੇਰੀ ਗੁਫਤਾਰ ਨੇ ਕੀਲ ਬਿਠਾਇਆ ਹੈ, ਬੇ ਸੁਧ ਹੋਇਆ ਹਾਂ,
ਤੇਰੇ ਇੱਕ ਕੇਸ ਤੋਂ, ਕੁਰਬਾਨ ਹੋ ਰਹੇ ਨੇ, ਧਰਤੀ, ਫਲਕ।
ਮੇਰੇ ਬਾਂਕੇ ਜਿਹੇ ਪ੍ਰੀਤਮ , ਤੂੰ ਸੰਤ ਵੀ ਸਿਪਾਹੀ ਵੀ ਹੈ,
ਤੇਰੇ ਸਿਜਦੇ 'ਚ ਪਈ ਹੈ, ਮੁੱਦਤ ਤੋਂ ਸਾਰੀ ਹੀ ਖਲਕ।
ਨੈਣ ਮੁੰਦੇ ਨਾ ਜਾਣ ਕਿਧਰੇ, ਡਰਦਾ ਹਾਂ ਹਰ ਪਲ,
ਵਾਂਝਾ ਨਾ ਰਹਿ ਜਾਵਾਂ ਕਿਧਰੇ, ਦੇਖਣ ਤੋਂ ਤੇਰੀ ਝਲਕ।
ਤਿਲਕ ਜੰਝੂ ਦੀ ਰੱਖਿਆ ਲਈ ਤੈਨੂੰ, ਪਿਤਾ ਸ਼ਹੀਦ ਕਰਾਂਦੇ ਵੇਖਿਆ।
ਕੇਸਗੜ੍ਹ ਦੀ ਧਰਤੀ ਤੇ, ਇੱਕ ਖਾਲਸਾ ਸਜਾਂਦੇ ਵੇਖਿਆ।
ਅੰਮ੍ਰਿਤ ਪਿਲਾ ਕੇ, ਅਮਰ ਕਰ ਦਿੱਤਾ, ਸ਼ੇਰ ਬਣ ਗਏ ਕਾਇਰ,
ਨਿਮਾਣੀਆਂ ਨਿਤਾਣੀਆਂ ਚਿੜੀਆਂ ਤੋਂ, ਬਾਜਾਂ ਨੂੰ ਤੁੜਾਂਦੇ ਵੇਖਿਆ।
ਦੋ ਲਾਲ, ਚਮਕੌਰ ਦੀ ਗੜ੍ਹੀ ਵਿੱਚ , ਮੌਤ ਲਾੜੀ ਨਾਲ ਪਰਨਾਏ ਸੀ ਤੂੰ।
ਦੋ ਹੋਰ ਸਰਹੰਦ ਸ਼ਹਿਰ, ਨੀਹਾਂ ਦੇ ਵਿੱਚ ਚਿਣਵਾਏ ਸੀ ਤੂੰ।
ਮਾਂ ਗੁਜਰੀ ਠੰਢੇ ਬੁਰਜ ਦੀ ਭੇਟ ਚੜ੍ਹਾ ਕੇ, ਸੁਹਣੇ ਪ੍ਰੀਤਮ,
ਵੇ ਸਰਬੰਸ ਦਾਨੀਆਂ, ਉਫ ਨਹੀ ਆਖੀ, ਸ਼ੁਕਰ ਅਲਾਏ ਸੀ ਤੂੰ।
ਸੂਲਾਂ ਨੂੰ ਸੁਰਾਹੀ ਤੇ ਖੰਜਰਾਂ ਨੂੰ, ਪਿਆਲੇ ਕਰਨ ਵਾਲਿਆ।
ਮਾਛੀਵਾੜੇ ਦੇ ਜੰਗਲ ਉਸ ਮਾਲਕ ਨਾਲ ਗੱਲਾਂ ਕਰਨ ਵਾਲਿਆ।
ਟਿੰਡ ਨੂੰ ਸਿਰਹਾਣਾ ਬਣਾ ਕੇ, ਧਰਤੀ ਤੇ ਸੌਂ ਰਿਹਾ ਸੀ ਤੂੰ,
ਆਪ ਦੁਖੜੇ ਸਹਿ ਕੇ, ਸਭ ਦੁਖੀਆਂ ਦੇ ਦੁੱਖ ਹਰਨ ਵਾਲਿਆ।
ਤੈਨੂੰ ਆਪਣੇ ਉਜਾੜੇ ਤੇ, ਰਤੀ ਭਰ ਵੀ ਮਲਾਲ ਨਹੀਂ ਸੀ,
ਸ਼ਾਹ ਤੋਂ ਬਣਿਆ ਫਕੀਰ , ਇਹ ਕੋਈ ਘੱਟ ਕਮਾਲ ਨਹੀਂ ਸੀ।
ਤੂੰ ਹਸਦਾ ਹੀ ਰਿਹਾ, ਹਰ ਮੁਸ਼ਕਲ 'ਚ ਹਾਰ ਨਹੀ ਮੰਨੀ,
ਸਬਰ ਸ਼ੁਕਰ ਦੀ ਮੁਦਰਾ 'ਚ ਜੀਵਿਆ, ਜ਼ਿਹਨ 'ਚ ਸਵਾਲ ਨਹੀਂ ਸੀ।
ਲਿਖ ਨਹੀਂ ਸਕਦੀ ਹੈ, ਮੇਰੀ ਕਲਮ, ਤੇਰੇ ਉਪਕਾਰਾਂ ਨੂੰ।
ਤੂੰ ਮਸੀਹਾਂ ਸੈਂ, ਤੰਦਰੁਸਤੀ ਬਖਸ਼ ਗਿਆ ਹੈਂ, ਬੀਮਾਰਾਂ ਨੂੰ।
ਮੌਤ ਪਰਨਾਕੇ, ਜਿੰਦਗੀ ਜੀਣੀ ਦੱਸੀ, ਸ਼ਾਹ ਸਵਾਰਾਂ ਨੂੰ।
ਸ਼ਬਦ ਨਹੀ ਲੱਭਦੇ ਤੇਰੀ ਸਿਫਤ ਲਈ 'ਸਾਜਨ' ਦੇ ਵਿਚਾਰਾਂ ਨੂੰ।
ਕਵੀਆਂ ਦੇ ਰਹਿਬਰਾ, ਮੈਨੂੰ, ਕਵਿਤਾ ਦਾ ਦਾਨ ਬਖਸ਼ ਦੇ।
ਤੇਰੇ ਸਿਜਦੇ 'ਚ ਆਇਆ ਹਾਂ, ਨਿਮਾਣੇ ਨੂੰ ਮਾਣ ਬਖਸ਼ ਦੇ।
ਜੁੰਬਸ਼ ਚ ਰਹਿ ਕੇ, ਕਲਮ, ਕੁਝ ਨਾ ਕੁਝ, ਲਿਖਦੀ ਰਹੇ।
ਆਲਸ 'ਚ ਨਾ ਰਹੇ, ਇਸ ਨਿਤਾਣੀ ਨੂੰ ਤਾਣ ਬਖਸ਼ ਦੇ।


www.AKJ.Org

| ਪੋਹ | | ਜਨਵਰੀ 98 | | | ਮਾਘ |
|---|---|---|---|---|---|
| ਐਤ | * | 4 ੨੧ | 11 ੨੮ | 18 ੫ | 25 ੧੨ |
| ਸੋਮ | * | 5 ੨੨ | 12 ੨੯ | 19 ੬ | 26 ੧੩ |
| ਮੰਗਲ | * | 6 ੨੩ | 13 ੩੦ | 20 ੭ | 27 ੧੪ |
| ਬੁੱਧ | * | 7 ੨੪ | 14 ਮਾਘ ੧ | 21 ੮ | 28 ੧੫ |
| ਵੀਰ | 1 ਪੋਹ੧੮ | 8 ੨੫ | 15 ੨ | 22 ੯ | 29 ੧੬ |
| ਸ਼ੁਕਰ | 2 ੧੯ | 9 ੨੬ | 16 ੩ | 23 ੧੦ | 30 ੧੭ |
| ਸ਼ਨੀ | 3 ੨੦ | 10 ੨੭ | 17 ੪ | 24 ੧੧ | 31 ੧੮ |

| ਮਾਘ | | ਫਰਵਰੀ 98 | | | ਫੱਗਣ |
|---|---|---|---|---|---|
| ਐਤ | 1 ਮਾਘ੧੯ | 8 ੨੬ | 15 ੪ | 22 ੧੧ | * |
| ਸੋਮ | 2 ੨੦ | 9 ੨੭ | 16 ੫ | 23 ੧੨ | * |
| ਮੰਗਲ | 3 ੨੧ | 10 ੨੮ | 17 ੬ | 24 ੧੩ | * |
| ਬੁੱਧ | 4 ੨੨ | 11 ੨੯ | 18 ੭ | 25 ੧੪ | * |
| ਵੀਰ | 5 ੨੩ | 12 ਫੱਗਣ ੧ | 19 ੮ | 26 ੧੫ | * |
| ਸ਼ੁਕਰ | 6 ੨੪ | 13 ੨ | 20 ੯ | 27 ੧੬ | * |
| ਸ਼ਨੀ | 7 ੨੫ | 14 ੩ | 21 ੧੦ | 28 ੧੭ | * |

| ਫੱਗਣ | | ਮਾਰਚ 98 | | | ਚੇਤ |
|---|---|---|---|---|---|
| ਐਤ | 1 ਫੱਗਣ ੧੮ | 8 ੨੫ | 15 ੨ | 22 ੯ | 29 ੧੬ |
| ਸੋਮ | 2 ੧੯ | 9 ੨੬ | 16 ੩ | 23 ੧੦ | 30 ੧੭ |
| ਮੰਗਲ | 3 ੨੦ | 10 ੨੭ | 17 ੪ | 24 ੧੧ | 31 ੧੮ |
| ਬੁੱਧ | 4 ੨੧ | 11 ੨੮ | 18 ੫ | 25 ੧੨ | * |
| ਵੀਰ | 5 ੨੨ | 12 ੨੯ | 19 ੬ | 26 ੧੩ | * |
| ਸ਼ੁਕਰ | 6 ੨੩ | 13 ੩੦ | 20 ੭ | 27 ੧੪ | * |
| ਸ਼ਨੀ | 7 ੨੪ | 14 ਚੇਤ ੧ | 21 ੮ | 28 ੧੫ | * |

| ਚੇਤ | | ਅਪ੍ਰੈਲ 98 | | | ਵਿਸਾਖ |
|---|---|---|---|---|---|
| ਐਤ | * | 5 ੨੩ | 12 ੩੦ | 19 ੭ | 26 ੧੪ |
| ਸੋਮ | * | 6 ੨੪ | 13 ਵਿਸਾਖ ੧ | 20 ੮ | 27 ੧੫ |
| ਮੰਗਲ | * | 7 ੨੫ | 14 ੨ | 21 ੯ | 28 ੧੬ |
| ਬੁੱਧ | 1 ਚੇਤ ੧੯ | 8 ੨੬ | 15 ੩ | 22 ੧੦ | 29 ੧੭ |
| ਵੀਰ | 2 ੨੦ | 9 ੨੭ | 16 ੪ | 23 ੧੧ | 30 ੧੮ |
| ਸ਼ੁਕਰ | 3 ੨੧ | 10 ੨੮ | 17 ੫ | 24 ੧੨ | * |
| ਸ਼ਨੀ | 4 ੨੨ | 11 ੨੯ | 18 ੬ | 25 ੧੩ | * |

| ਵਿਸਾਖ | | ਮਈ 98 | | | ਜੇਠ |
|---|---|---|---|---|---|
| ਐਤ | 31 ੧੮ | 3 ੨੧ | 10 ੨੮ | 17 ੪ | 24 ੧੧ |
| ਸੋਮ | * | 4 ੨੨ | 11 ੨੯ | 18 ੫ | 25 ੧੨ |
| ਮੰਗਲ | * | 5 ੨੩ | 12 ੩੦ | 19 ੬ | 26 ੧੩ |
| ਬੁੱਧ | * | 6 ੨੪ | 13 ੩੧ | 20 ੭ | 27 ੧੪ |
| ਵੀਰ | * | 7 ੨੫ | 14 ਜੇਠ ੧ | 21 ੮ | 28 ੧੫ |
| ਸ਼ੁਕਰ | 1 ਵਿਸਾਖ੧੯ | 8 ੨੬ | 15 ੨ | 22 ੯ | 29 ੧੬ |
| ਸ਼ਨੀ | 2 ੨੦ | 9 ੨੭ | 16 ੩ | 23 ੧੦ | 30 ੧੭ |

| ਜੇਠ | | ਜੂਨ 98 | | | ਹਾੜ |
|---|---|---|---|---|---|
| ਐਤ | * | 7 ੨੫ | 14 ੩੨ | 21 ੭ | 28 ੧੪ |
| ਸੋਮ | 1 ਜੇਠ ੧੯ | 8 ੨੬ | 15 ਹਾੜ ੧ | 22 ੮ | 29 ੧੫ |
| ਮੰਗਲ | 2 ੨੦ | 9 ੨੭ | 16 ੨ | 23 ੯ | 30 ੧੬ |
| ਬੁੱਧ | 3 ੨੧ | 10 ੨੮ | 17 ੩ | 24 ੧੦ | * |
| ਵੀਰ | 4 ੨੨ | 11 ੨੯ | 18 ੪ | 25 ੧੧ | * |
| ਸ਼ੁਕਰ | 5 ੨੩ | 12 ੩੦ | 19 ੫ | 26 ੧੨ | * |
| ਸ਼ਨੀ | 6 ੨੪ | 13 ੩੧ | 20 ੬ | 27 ੧੩ | * |



www.AKJ.Org

| ਹਾੜ | ਜੁਲਾਈ 98 | | | | ਸਾਵਣ |
|---|---|---|---|---|---|
| ਐਤ | * | 5 ੨੧ | 12 ੨੮ | 19 ੪ | 26 ੧੧ |
| ਸੋਮ | * | 6 ੨੨ | 13 ੨੯ | 20 ੫ | 27 ੧੨ |
| ਮੰਗਲ | * | 7 ੨੩ | 14 ੩੦ | 21 ੬ | 28 ੧੩ |
| ਬੁੱਧ | 1 ਹਾੜ ੧੭ | 8 ੨੪ | 15 ੩੧ | 22 ੭ | 29 ੧੪ |
| ਵੀਰ | 2 ੧੮ | 9 ੨੫ | 16 ਸਾਵਣ ੧ | 23 ੮ | 30 ੧੫ |
| ਸ਼ੁਕਰ | 3 ੧੯ | 10 ੨੬ | 17 ੨ | 24 ੯ | 31 ੧੬ |
| ਸ਼ਨੀ | 4 ੨੦ | 11 ੨੭ | 18 ੩ | 25 ੧੦ | * |

| ਸਾਵਣ | ਅਗਸਤ 98 | | | | ਭਾਦਰੋਂ |
|---|---|---|---|---|---|
| ਐਤ | 30 ੧੫ | 2 ੧੮ | 9 ੨੫ | 16 ਭਾਦਰੋਂ ੧ | 23 ੮ |
| ਸੋਮ | 31 ੧੬ | 3 ੧੯ | 10 ੨੬ | 17 ੨ | 24 ੯ |
| ਮੰਗਲ | * | 4 ੨੦ | 11 ੨੭ | 18 ੩ | 25 ੧੦ |
| ਬੁੱਧ | * | 5 ੨੧ | 12 ੨੮ | 19 ੪ | 26 ੧੧ |
| ਵੀਰ | * | 6 ੨੨ | 13 ੨੯ | 20 ੫ | 27 ੧੨ |
| ਸ਼ੁਕਰ | * | 7 ੨੩ | 14 ੩੦ | 21 ੬ | 28 ੧੩ |
| ਸ਼ਨੀ | 1 ਸਾਵਣ ੧੭ | 8 ੨੪ | 15 ੩੧ | 22 ੭ | 2 ੧੪ |

| ਭਾਦਰੋਂ | ਸਤੰਬਰ 98 | | | | ਅਸੂ |
|---|---|---|---|---|---|
| ਐਤ | * | 6 ੨੨ | 13 ੨੯ | 20 ੫ | 27 ੧੨ |
| ਸੋਮ | * | 7 ੨੩ | 14 ੩੦ | 21 ੬ | 28 ੧੩ |
| ਮੰਗਲ | 1 ਭਾਦਰੋਂ ੧੭ | 8 ੨੪ | 15 ੩੧ | 22 ੭ | 29 ੧੪ |
| ਬੁੱਧ | 2 ੧੮ | 9 ੨੫ | 16 ਅੱਸੂ ੧ | 23 ੮ | 30 ੧੫ |
| ਵੀਰ | 3 ੧੯ | 10 ੨੬ | 17 ੨ | 24 ੯ | * |
| ਸ਼ੁਕਰ | 4 ੨੦ | 11 ੨੭ | 18 ੩ | 25 ੧੦ | * |
| ਸ਼ਨੀ | 5 ੨੧ | 12 ੨੮ | 19 ੪ | 26 ੧੧ | * |

| ਅਸੂ | ਅਕਤੂਬਰ | | | | ਕਤਕ |
|---|---|---|---|---|---|
| ਐਤ | * | 4 ੧੯ | 11 ੨੬ | 18 ੨ | 25 ੯ |
| ਸੋਮ | * | 5 ੨੦ | 12 ੨੭ | 19 ੩ | 26 ੧੦ |
| ਮੰਗਲ | * | 6 ੨੧ | 13 ੨੮ | 20 ੪ | 27 ੧੧ |
| ਬੁੱਧ | * | 7 ੨੨ | 14 ੨੯ | 21 ੫ | 28 ੧੨ |
| ਵੀਰ | 1 ਅੱਸੂ ੧੬ | 8 ੨੩ | 15 ੩੦ | 22 ੬ | 29 ੧੩ |
| ਸ਼ੁਕਰ | 2 ੧੭ | 9 ੨੪ | 16 ੩੧ | 23 ੭ | 30 ੧੪ |
| ਸ਼ਨੀ | 3 ੧੮ | 10 ੨੫ | 17 ਕਤਕ ੧ | 24 ੮ | 31 ੧੫ |

| ਕਤਕ | ਨਵੰਬਰ 98 | | | | ਮਘਰ |
|---|---|---|---|---|---|
| ਐਤ | 1 ਕਤਕ ੧੬ | 8 ੨੩ | 15 ੩੦ | 22 ੭ | 29 ੧੪ |
| ਸੋਮ | 2 ੧੭ | 9 ੨੪ | 16 ਮਘਰ ੧ | 23 ੮ | 30 ੧੫ |
| ਮੰਗਲ | 3 ੧੮ | 10 ੨੫ | 17 ੨ | 24 ੯ | * |
| ਬੁੱਧ | 4 ੧੯ | 11 ੨੬ | 18 ੩ | 25 ੧੦ | * |
| ਵੀਰ | 5 ੨੦ | 12 ੨੭ | 19 ੪ | 26 ੧੧ | * |
| ਸ਼ੁਕਰ | 6 ੨੧ | 13 ੨੮ | 20 ੫ | 27 ੧੨ | * |
| ਸ਼ਨੀ | 7 ੨੨ | 14 ੨੯ | 21 ੬ | 28 ੧੩ | * |

| ਮਘਰ | ਦਸੰਬਰ 98 | | | | ਪੋਹ |
|---|---|---|---|---|---|
| ਐਤ | * | 6 ੨੧ | 13 ੨੮ | 20 ੬ | 27 ੧੩ |
| ਸੋਮ | * | 7 ੨੨ | 14 ੨੯ | 21 ੭ | 28 ੧੪ |
| ਮੰਗਲ | 1 ਮਘਰ ੧੬ | 8 ੨੩ | 15 ਪੋਹ ੧ | 22 ੮ | 29 ੧੫ |
| ਬੁੱਧ | 2 ੧੭ | 9 ੨੪ | 16 ੨ | 23 ੯ | 30 ੧੬ |
| ਵੀਰ | 3 ੧੮ | 10 ੨੫ | 17 ੩ | 24 ੧੦ | 31 ੧੭ |
| ਸ਼ੁਕਰ | 4 ੧੯ | 11 ੨੬ | 18 ੪ | 25 ੧੧ | * |
| ਸ਼ਨੀ | 5 ੨੦ | 12 ੨੭ | 19 ੫ | 26 ੧੨ | * |


www.AKJ.Org

## ਬਿਕ੍ਰਮੀ ਸੰਮਤ 2054-55 ਗੁਰਪੁਰਬ ਤੇ ਇਤਿਹਾਸਿਕ ਦਿਹਾੜੇ ਈਸਵੀ ਸੰਨ 1998

ਜਨਵਰੀ, 5 - ਪਾ: ੧੦ ਅਵਤਾਰ ਧਾਰਿਆ
ਜਨਵਰੀ, 14 - ਮੇਲਾ ਮਾਘੀ ਮੁਕਤਸਰ
ਜਨਵਰੀ, 27 - ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ
ਫਰਵਰੀ, 9 - ਪਾ: ੭ ਅਵਤਾਰ ਧਾਰਿਆ
ਫਰਵਰੀ, 11- ਜਨਮ ਭਗਤ ਰਵਿਦਾਸ ਜੀ
ਫਰਵਰੀ, 11 - ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ)
ਫਰਵਰੀ, 21 - ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ
ਮਾਰਚ, 14 - ਹੋਲਾ ਮਹੱਲਾ
ਮਾਰਚ, 26 - ਪਾ: ੭ ਗੁਰਿਆਈ ਮਿਲੀ
ਮਾਰਚ, 28 - ਪਾ: ੩ ਗੁਰਿਆਈ ਮਿਲੀ
ਮਾਰਚ, 31 - ਪਾ: ੨ ਜੋਤੀ ਜੋਤਿ ਸਮਾਏ
ਅਪ੍ਰੈਲ, 1- ਪਾ: ੬ ਜੋਤੀ ਜੋਤਿ ਸਮਾਏ
ਅਪ੍ਰੈਲ, 9 - ਪਾ: ੯ ਗੁਰਿਆਈ ਮਿਲੀ
ਅਪ੍ਰੈਲ, 9 - ਪਾ: ੮ ਜੋਤੀ ਜੋਤਿ ਸਮਾਏ
ਅਪ੍ਰੈਲ, 17 - ਪਾ: ੯ ਅਵਤਾਰ ਧਾਰਿਆ
ਅਪ੍ਰੈਲ, 19 - ਪਾ: ੫ ਅਵਤਾਰ ਧਾਰਿਆ
ਅਪ੍ਰੈਲ, 27 - ਪਾ: ੨ ਅਵਤਾਰ ਧਾਰਿਆ
ਅਪ੍ਰੈਲ, 13 - ਵੈਸਾਖੀ ਤੇ ਖ਼ਾਲਸਾ ਸੰਮਤ 300 ਸ਼ੁਰੂ
ਮਈ, 10 - ਪਾ: ੩ ਅਵਤਾਰ ਧਾਰਿਆ
ਮਈ, 19 - ਪਾ: ੬ ਗੁਰਿਆਈ ਮਿਲੀ
ਮਈ, 29 - ਪਾ: ੫ ਜੋਤੀ ਜੋਤਿ ਸਮਾਏ
ਜੂਨ, 11 - ਪਾ: ੬ ਅਵਤਾਰ ਧਾਰਿਆ
ਜੁਲਾਈ, 17 - ਪਾ: ੮ ਅਵਤਾਰ ਧਾਰਿਆ
ਸਤੰਬਰ, 10 - ਪਾ: ੨ ਗੁਰਿਆਈ ਮਿਲੀ
ਅਗਸਤ, 23 - ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼
ਅਗਸਤ, 24 - ਪਾ: ੫ ਗੁਰਿਆਈ ਮਿਲੀ
ਅਗਸਤ, 25 - ਪਾ: ੪ ਜੋਤੀ ਜੋਤਿ ਸਮਾਏ
ਅਗਸਤ, 8 - ਮੇਲਾ ਬਾਬਾ ਬਕਾਲਾ
ਅਗਸਤ, 29 - ਬਾਬੇ ਦਾ ਵਿਆਹ (ਬਟਾਲਾ)
ਸਤੰਬਰ, 4 - ਪਾ: ੪ ਗੁਰਿਆਈ ਮਿਲੀ
ਸਤੰਬਰ, 6 - ਪਾ: ੩ ਜੋਤੀ ਜੋਤਿ ਸਮਾਏ
ਸਤੰਬਰ, 15 - ਪਾ: ੧ ਜੋਤੀ ਜੋਤਿ ਸਮਾਏ
ਸਤੰਬਰ, 6 - ਮੇਲਾ ਸ੍ਰੀ ਗੋਇੰਦਵਾਲ
ਅਕਤੂਬਰ, 7 - ਪਾ: ੪ ਅਵਤਾਰ ਧਾਰਿਆ
ਅਕਤੂਬਰ, 13 - ਪਾ: ੮ ਗੁਰਿਆਈ ਮਿਲੀ
ਅਕਤੂਬਰ, 13 - ਪਾ: ੭ ਜੋਤੀ ਜੋਤਿ ਸਮਾਏ
ਅਕਤੂਬਰ, 22 - ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗੱਦੀ (ਨੰਦੇੜ)
ਅਕਤੂਬਰ, 25 - ਪਾ: ੧੦ ਜੋਤੀ ਜੋਤਿ ਸਮਾਏ
ਅਕਤੂਬਰ, 19 - ਬੰਦੀ ਛੋੜ ਦਿਵਸ ਮੇਲਾ (ਅੰਮ੍ਰਿਤਸਰ)
ਨਵੰਬਰ, 4 - ਪਾ: ੧ ਅਵਤਾਰ ਧਾਰਿਆ
ਨਵੰਬਰ, 22 - ਪਾ: ੧੦ ਗੁਰਿਆਈ ਮਿਲੀ
ਨਵੰਬਰ, 24 - ਪਾ: ੯ ਜੋਤੀ ਜੋਤਿ ਸਮਾਏ (ਸ਼ਹੀਦੀ)
ਦਸੰਬਰ, 25 - ਪਾ: ੧੦ ਅਵਤਾਰ ਧਾਰਿਆ
ਦਸੰਬਰ, 22 - ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ)
ਦਸੰਬਰ, 27 - ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹਿੰਦ)

## ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ 3. ਕਿਸੇ ਵੀ ਛਪੇ ਇਸ਼ਿਤਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-164 22 ਸਾਲਾ 5' 4", M.A. ਪੰਜਾਬੀ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-165 26 ਸਾਲਾ ਕੱਦ 5' 2", B. Com M. ed. ਕੰਪਿਊਟਰ ਡਿਪਲੋਮਾ ਪਾਸ ਬੀਬੀ ਲਈ ਵਰ ਦੀ ਲੋੜ ਹੈ।

LD-166 34 ਸਾਲਾ ਕੱਦ 5' 8", ਟੈਲੀਫੋਨ ਕਲਰਕ 4200/-ਮਾਸਿਕ ਮੱਧ ਪ੍ਰਦੇਸ਼ ਦੇ ਵਾਸੀ ਸਿੰਘ ਲਈ ਬੀਬੀ ਦੀ ਲੋੜ ਹੈ।

LD-167 25 ਸਾਲਾ ਕੱਦ 5'7" D.Pharmacy ਅਤੇ B.A. ii ਪਾਸ ਆਪਣਾ ਕਾਰੋਬਾਰ ਵਾਲੇ ਸਿੰਘ ਲਈ B. Ed ਜਾਂ D. Pharmacy ਪਾਸ ਬੀਬੀ ਦੀ ਲੋੜ ਹੈ।

LD-168 29 ਸਾਲਾ ਕੱਦ 4' 6", M.A. B. ED. ਪਾਸ ਸਿਲਾਈ ਤੇ ਬੁਨਾਈ ਦੀ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-169 26 ਸਾਲਾ ਕੱਦ 5' 4", ਤਿਨ ਸਾਲਾ ਇਲੈਕਟ੍ਰੀਕਲਜ਼ ਕੋਰਸ, ਲਾਇਬਰੇਰੀ ਸਾਇੰਸ ਡਿਪਲੋਮਾ ਅਤੇ ਕੰਪਿਊਟਰ ਕੋਰਸ ਪਾਸ B.A. ਕਰ ਰਹੀ ਘਰ ਦੇ ਹਰੇਕ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-170 ਸਾਢੇ 27 ਸਾਲਾ, 5' 5", B. Sc. Bed. ਕੀਰਤਨੀ ਅਤੇ ਰਹਿਤ ਬਹਿਤ ਵਿਚ ਪ੍ਰਪੱਕ ਬੀਬੀ ਲਈ ਯੋਗ ਵਰ ਦੀ ਲੋੜਹੈ।

LD-171 ਸਾਢੇ 27 ਸਾਲਾ, 5', B. Sc Non Med. B. Ed D. Pharmacy ਅਤੇ M.A. pbi ਪਾਸ ਬੀਬੀ ਲਈ ਯੋਗ ਵਰ ਦੀ ਲੋੜਹੈ।

LD-172 23 ਸਾਲਾ ,5' 4" M.A. ਪਾਸ ਅਖੰਡ ਪਾਠੀ ਅਤੇ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-173 25 ਸਾਲਾ ਮੈਟ੍ਰਿਕ ਕੱਦ 5' 7" ਆਪਣਾ ਕਾਰੋਬਾਰ 4000/-ਮਹੀਨਾ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-174 29 ਸਾਲਾ ਕੱਦ 5' 3", B.Sc. ਅਤੇ P.G. Diploma in Sales & Marketing ਅਗ੍ਰੇਜ਼ੀ ਦਵਾਈਆਂ ਦੀ ਦੁਕਾਨ ਕਰਦੇ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-175 23 ਸਾਲਾ ਕੱਦ, 164 ਸੈਂਟੀਮੀਟਰ M.A. ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-176 28 ਸਾਲਾ ਕੱਦ 180 ਸੈਂਟੀਮੀਟਰ ਅਤੇ ਪਲਾਸਟਿਕ ਇੰਜੀਨੀਅਰ ਦਾ ਡਿਪਲੋਮਾ ਪਾਸ ਪ੍ਰਾਈਵੇਟ ਨੌਕਰ 9000/- ਮਾਸਿਕ ਤਨਖਾਹ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

www.AKJ.Org

Regd. No./12245/66 SURA/JAN./98 P.O. Regd. No. PB/LD/121/98

## ਲੁਧਿਆਣਾ ਵਿਖੇ ਰੈਣ ਸਬਾਈ ਕੀਰਤਨ

ਗੁ: ਨਾਨਕਸਰ, ਗੁਰੂ ਨਾਨਕ ਕਲੋਨੀ (ਪਿਛਲੇ ਪਾਸੇ ਮੈਰਾੜੋ ਕਲੋਨੀ ਗਿਲ ਰੋਡ) ਵਿਖੇ 17 ਜਨਵਰੀ 98 ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ।

## ਪਿੰਡ ਬੜਾਲੀ ਨੇੜੇ ਕਰਾਲੀ ਵਿਖੇ ਰੈਣ ਸਬਾਈ ਕੀਰਤਨ 17 ਜਨਵਰੀ ਰਾਤ ਨੂੰ

## ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

29-1-98 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਤੇ ਸ਼ਾਮ ਨੂੰ ਸੋਦਰ ਉਪ੍ਰੰਤ 9 ਵਜੇ ਤੱਕ ਅਖੰਡ ਕੀਰਤਨ ਗੁ: ਸਿੰਘ ਸਭਾ ਵਿਖੇ।

30-1-98 ਸਵੇਰੇ 6 ਤੋਂ 12 ਅਖੰਡ ਕੀਰਤਨ ਗੁ: ਕਿਲਾ ਮੁਬਾਰਕ ਵਿਖੇ। ਸ਼ਾਮ 5 ਤੋਂ 9 ਕੀਰਤਨ N.F.L. ਕਲੋਨੀ ਵਿਖੇ।

31-1 98 ਸਵੇਰੇ 6 ਤੋਂ 12 ਅਖੰਡ ਕੀਰਤਨ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ। ਸ਼ਾਮ 6 ਵਜੇ ਆਰੰਭ ਰੈਣ ਸਬਾਈ ਕੀਰਤਨ ਗੁ: ਸਿੰਘ ਸਭਾ ਵਿਖੇ॥(ਦਮਦਮਾ ਸਾਹਿਬ ਜਾਣ ਲਈ ਗੱਡੀ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇਗਾ।

ਨੋਟ :- ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਪੁੱਛਗਿਛ-Tel 0164-217743 ਦਾਸਰੇ :- ਅਖੰਡ ਕੀਰਤਨੀ ਜਥਾ ਬਠਿੰਡਾ।

## ਪਿੰਡ ਝਾਂਡੇ (ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

1-2-98 ਸਵੇਰੇ 6 ਵਜੇ ਤੋਂ ਦੁਪਹਿਰ 1 ਵਜੇ ਤੱਕ ਡਾ: ਗੁਰਚਰਨ ਸਿੰਘ ਦੇ ਗ੍ਰਿਹ ਵਿਖੇ ਅਖੰਡ ਕੀਰਤਨ ਅਖਾੜੇ ਸਜਣਗੇ।

## ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

1 17-1-98 ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ Gurd. Guru Teg Bahadur, East Park Road LEICESTER ਵਿਖੇ। ਹੋਰ ਜਾਣਕਾਰੀ ਲਈ ਭਾਈ ਗੁਰਦੀਪ ਸਿੰਘ Tel 01162713039

2 21-2-98 ਰੈਣ ਸਬਾਈ ਕੀਰਤਨ Gurd. Bebe Nanki, Rookery RD Handsworth BIRMINGHIM ਵਿਖੇ । ਹੋਰ ਜਾਣਕਾਰੀ ਲਈ 01215151722

**ਯੂ. ਕੇ. ਵਿਖੇ ਸਮਾਗਮਾ ਦੀ ਬੁਕਿੰਗ ਜਾਂ ਚੰਦੇ ਆਦਿ ਭੇਜਣ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-**

ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2. 5JP Tel. 01753-530624 Fax-01753-535803

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | ੨੦੦/- | ਗੁਪਤ-(ਫ੍ਰੀ ਲਿਟਰੇਚਰ ਫੰਡ) | ੪੦/- |
| ਸ: ਦਵਿੰਦਰ ਸਿੰਘ | ੫੦੦/- | ਸ: ਦਵਿੰਦਰ ਸਿੰਘ(ਫ੍ਰੀ ਲਿਟਰੇਚਰ ਫੰਡ) | ੫੦੦/- |

## ਗੁਰੂ ਕਾ ਲੰਗਰ

*ਅੰਮ੍ਰਿਤ-ਧਾਰੀ ਸਿੰਘ ਸੁਜਨ ਖਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਪੁਹਾਰੇ ਛੁਟਦੇ ਹਨ। ਤਿਸ ਦੇ ਰਿੰਦਤਰੀ ਤਹਿਖ਼ਾਨੇ ਅੰਦਰਿ ਸਤੁ ਸੰਤੋਖ ਦੀ ਵਾਸ-ਸੁਗੰਧੀ ਮਹਿਕਦੀ ਹੈ, ਉਸਦੇ ਸੇਵਾ ਪੁਰਸ਼ਾਰਥੀ ਅਤੇ ਉਦਮੀ ਸੁਭਾਵ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਤ੍ਰੰਗੀ ਉਤਸ਼ਾਹ ਠਾਠਾਂ ਮਾਰਦਾ ਹੈ। ਉਸਦੇ ਅੰਮ੍ਰਿਤ ਬੁਰਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ ਬਾਣੀ ਦੀ ਬਰਖਾ ਦੇ ਪੁਹਾਰੇ ਛੁਟਦੇ ਹਨ, ਉਸਦੀ ਸਾਰੀ ਪ੍ਰੇਮ-ਮਗਨ-ਆਨੰਦੀ ਦਸ਼ਾ ਦਾ ਪ੍ਰਤਿਬਿੰਬ (ਅਕਸ਼) ਪ੍ਰਸ਼ਾਦ-ਤਿਆਰੀ ਦੀ ਘਾਲਣਾ ਉਪਰ ਅਜਿਹਾ ਪੈਂਦਾ ਹੈ ਕਿ ਉਸ ਦੀ ਬਿਬੇਕ ਘਾਲ ਦਾ ਸਜਿਆ ਪ੍ਰਸ਼ਾਦ ਸਚ ਮੁੱਚ ਸਤੋਗੁਣੀਆ ਅੰਮ੍ਰਿਤ ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚਖਿਆ ਹੈ ਸੋਈ ਇਸਦੀ ਸਾਰ ਜਾਣਦੇ ਹਨ। ਅਜਿਹਾ ਪ੍ਰਸ਼ਾਦ ਭੋਜਨ 'ਬਿਬੇਕ ਪ੍ਰਸ਼ਾਦ' ਦੇ ਨਾਉਂ ਤੋਂ ਪ੍ਰਸਿਧ ਹੈ। ਇਹ ਬਿਬੇਕ ਪ੍ਰਸ਼ਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ ਪ੍ਰਸ਼ਾਦ ਕੇਵਲ ਗੁਰੂ ਘਰ ਦੇ ਸਿੰਘ ਸੁਜਨਾਂ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ। ਗੁਰੂ ਕੇ ਬਿਬੇਕੀ ਜਨਾਂ ਦਾ ਬਿਬੇਕ ਬਿੰਜਨ ਅਸਥਾਨ ਜਿਥੇ ਭੀ ਹੈ ਓਹ ਗੁਰੂ ਕਾ ਲੰਗਰ ਹੈ। ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਗੁਰੂ ਕੀਆਂ ਸੰਗਤਾਂ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ, ਜਿਥੋਂ ਗੱਫੇ ਲਾ ਕੇ ਗੁਰੂ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ-ਬਰ-ਤਿਆਰ ਫੌਜਾਂ ਹੀ ਲੰਗਰ ਸਜਾਉਂਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ ਆਪਣੀ ਬਿਬੇਕ ਘਾਲਣਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਨਹੀਂ ਤਿਆਰ ਕਰਦੇ, ਓਹ ਗੁਰੂ ਕਾ ਲੰਗਰ ਕਿਹਾ ? ਗੁਰੂ ਕਾ ਲੰਗਰ ਸੋ ਜਿਥੇ ਪਰਤੱਖ ਗੁਰੂ ਦੀ ਕਲਾ ਵਰਤਦੀ ਹੋਵੇ। ਗੁਰੂ ਕਾ ਲੰਗਰ ਸੋ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ। ਗੁਰੂ ਕਾ ਲੰਗਰ ਸੋ ਹੈ ਜਿਥੇ 'ਸਤੀ ਦੇਇ ਸੰਤੋਖੀ ਖਾਇ' ਵਾਲਾ ਵਰਤਾਰਾ ਵਰਤਦਾ ਹੋਵੇ। ਗੁਰੂ ਕਾ ਲੰਗਰ ਸੋ ਹੈ ਜਿਥੇ ਲੰਗਰ ਦੇ ਸੇਵਾਦਾਰ ਸਾਰੇ ਤਿਆਰ-ਬਰ-ਤਿਆਰ ਰਹਿਤਵਾਨ ਸਤੋਗੁਣੀ ਸਿੰਘ ਸੁਜਾਨ ਹੋਣ।*

*(ਭਾ: ਸਾ: ਭਾ: ਰੰਣਧੀਰ ਸਿੰਘ ਜੀ)*

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org